ਇਕ ਸੰਸਾਰ

ਇਕ ਧਰਮ

ONE WORLD
ONE FAITH



Baha'i House of Worship, New Delhi

ਇਕ ਸੰਸਾਰ
ਇਕ ਧਰਮ

Published by :
The State Bahai Council
of the Bahai's of Punjab
BAHAI HOUSE
1026, Sector 8-C,
CHANDIGARH-160 008

ਪਹਿਲੀ ਛਾਪ : ਜੂਨ 1994

ਕਾਪੀਆਂ : 3000

ਛਾਪਕ : ਰਾਕੇਸ਼ ਦੀਪ

SAHIB DAYAL PRINTERS
66 INDUSTRIAL
AREA-I
CHANDIGARH

ਬਹਾਈ ਸੰਦੇਸ਼

''ਸਾਰੇ ਸੰਸਾਰ ਦੇ ਮਨੁੱਖ ਰੱਬ ਦੇ ਦੋ ਅਵਤਾਰਾਂ ਦੀ ਉਡੀਕ ਕਰ ਰਹੇ ਹਨ।... ਇਸ ਤਰ੍ਹਾਂ ਦੀ ਭਵਿੱਖਬਾਣੀ ਹੋਈ ਹੈ ਕਿ ਇਨ੍ਹਾਂ ਦੋ ਅਵਤਾਰਾਂ ਦੇ ਆਉਣ ਸਮੇਂ ਧਰਤੀ ਬਦਲ ਜਾਵੇਗੀ ਅਤੇ ਇਸ ਅਸਤਿਤਵਵਾਦੀ ਜਗਤ ਦਾ ਨਵਾਂ ਰੂਪ ਹੋ ਜਾਵੇਗਾ। ਨਿਆਂ ਦਾ ਸਦਭਾਵ ਹੀ ਸੰਸਾਰ ਵਿਚ ਫੈਲੇਗਾ, ਦੁਸ਼ਮਣੀ ਅਤੇ ਦਵੇਖ ਖਤਮ ਹੋ ਜਾਏਗਾ। ਮਨੁੱਖ ਜਾਤੀਆਂ ਅਤੇ ਦੇਸ਼ਾਂ ਵਿਚਕਾਰ .ਦੇ ਸਾਰੇ ਕਾਰਣ ਅਦ੍ਰਿਸ਼ ਹੋ ਜਾਣਗੇ, ਅਤੇ ਏਕਤਾ ਸਮਾਨਤਾ ਤੇ ਮੈਤ੍ਰੀ ਦੇ ਕਾਰਣਾਂ ਦਾ ਜਨਮ ਹੋਵੇਗਾ। ਯੁੱਧ ਦੀ ਥਾਂ ਸ਼ਾਂਤੀ ਲਵੇਗੀ, ਪਿਆਰ ਦੀ ਦੁਸ਼ਮਣੀ ਤੇ ਜਿੱਤ ਹੋਵੇਗੀ। ਝਗੜੇ ਅਤੇ ਵਾਦ-ਵਿਵਾਦ ਦੀ ਜੜ੍ਹ ਖਤਮ ਹੋਏਗੀ ਅਤੇ ਵਾਸਤਵਿਕ ਸੁਖ ਸ਼ਾਂਤੀ ਦੀ ਸਥਾਪਨਾ ਹੋਵੇਗੀ। ਧਰਤੀ ਤੇ ਇਕ ਅਲੌਕਿਕ ਰਾਜ ਸਾਹਮਣੇ ਆਵੇਗਾ.....ਸਾਰੇ ਦੇਸ਼ ਇਕ ਹੋਣਗੇ, ਸਾਰੇ ਧਰਮਾਂ ਵਿਚ ਏਕਤਾ ਹੋਏਗੀ.....ਜਾਤੀ, ਦੇਸ਼, ਮਨੁੱਖ, ਭਾਸ਼ਾ ਅਤੇ ਰਾਜਨੀਤੀ ਦੀ ਵਜ੍ਹਾ ਨਾਲ ਪੈਦਾ ਹੋਏ ਅੰਧ ਵਿਸ਼ਵਾਸ ਦੂਰ ਹੋਣਗੇ ਅਤੇ ਸਾਰੇ ਮਨੁੱਖ ਇਨਾਂ ਰਹਿਬਰਾਂ ਦੀ ਛਾਂ ਹੇਠ ਨਿਰੰਤਰ ਜੀਵਨ ਪ੍ਰਾਪਤ ਕਰਨਗੇ .....ਦੇਸ਼ਾਂ ਵਿਚਾਲੇ ਸੰਬੰਧ ਅਤੇ ਲੋਕਾਂ ਵਿਚ ਏਕਤਾ ਤੇ ਮਿੱਤਰਤਾ ਦਾ ਇਨਾਂ ਇਕੱਠ ਹੋਵੇਗਾ ਕਿ ਸਾਰੀ ਮਾਨਵਤਾ ਇਕ

ਪਰਿਵਾਰ ਵਰਗੀ ਹੋ ਜਾਵੇਗੀ.....ਅਲੌਕਿਕ ਪਿਆਰ ਦਾ ਪ੍ਰਕਾਸ਼ ਫੈਲੇਗਾ ਅਤੇ ਦੁਸ਼ਮਣੀ ਤੇ ਘਿਰਣਾ ਦਾ ਅੰਧਕਾਰ ਦੁਨੀਆਂ ਤੋਂ ਦੂਰ ਹੋ ਜਾਏਗਾ। ਸਾਰੇ ਪਾਸੇ ਸ਼ਾਂਤੀ ਦਾ ਪ੍ਰਚਾਰ ਧਰਤੀ ਦੇ ਕੇਂਦਰ ਬਿੰਦੂ ਵਿਚ ਭਰ ਜਾਏਗਾ ਅਤੇ ਭਾਗਾਂ ਵਾਲਾ ਰੁੱਖ ਜਿਆਦਾ ਦਿਨਾਂ ਵੱਧ ਭੁਲ ਕੇ ਫੈਲੇਗਾ ਕਿ ਇਸ ਦੀ ਛਾਂ ਹੇਠਾਂ ਪੂਰਬ ਤੇ ਪਛਮ ਦੋਵੇਂ ਆ ਜਾਣਗੇ। ਵਿਸ਼ਵ ਵਿਗਿਆਨ ਧਰਤੀ ਦੇ ਰਹੱਸ ਦੀ ਵਾਸਵਵਿਕਤਾ ਤੇ ਗਿਆਨ ਅਤੇ ਰੱਬ ਦੇ ਗਿਆਨ ਨਾਲ ਭਰਪੂਰ ਹੋ ਜਾਏਗਾ।"

0—0

ਬਾਬ : ਅਗਰਦੂਤ (ਪੈਗੰਬਰ)

23 ਮਈ 1844 ਨੂੰ ਇਰਾਨ (ਫਾਰਸ) ਦੇ ਪੱਚੀ ਸਾਲ ਦੇ ਇਕ ਨੌਜਵਾਨ ਨੇ ਮਨੁੱਖੀ ਇਤਿਹਾਸ ਵਿਚ ਇਕ ਨਵੇਂ ਯੁਗ ਦੀ ਅਗਵਾਈ ਲਈ ਆਪਣੇ ਮਿਸ਼ਨ (ਮੰਤਵ) ਦਾ ਐਲਾਨ ਕੀਤਾ। ਉਸ ਨੇ ਆਪਣੇ ਆਉਣ ਦਾ ਐਲਾਨ ਕਰਦਿਆਂ ਕਿਹਾ ਕਿ ਉਸਦੇ ਰੂਪ ਵਿਚ ਰੱਬ ਦਾ ਅਵਤਾਰ ਆਏਗਾ। ਜਿਸਦੀ ਸ਼ਕਤੀ ਅਤੇ ਸਿੱਖਿਆ ਦੇ ਮਾਧਿਅਮ ਨਾਲ ਇਕ ਨਵਾਂ ਯੁੱਗ ਹੋਂਦ ਵਿਚ ਆਏਗਾ।

ਉਸ ਸਮੇਂ ਸੰਸਾਰ ਵਿਚ ਅਸ਼ਾਂਤੀ ਸੀ। ਪੱਛਮੀ ਦੁਨੀਆਂ ਵਿਚ ਮਨੁੱਖਤਾ ਨਵੇਂ ਯੁੱਗ ਵਲ ਜਾ ਰਹੀ ਸੀ, ਪਰ ਅੰਧਕਾਰ ਦਾ ਕੇਂਦਰ ਹੋਣ ਕਰਕੇ ਇਰਾਨ ਢਹਿੰਦੀ ਕਲਾ ਵਲ ਜਾ ਰਿਹਾ ਸੀ। ਪ੍ਰਮੁੱਖ ਧਾਰਮਿਕ ਦੱਲ ਇਸਲਾਮ ਦਾ ਸ਼ੀਆ ਦਲ ਸੀ। ਜਿਨ੍ਹਾਂ ਨੂੰ ਆਪਣੀ ਅਸਹਿਣਸ਼ੀਲਤਾ ਅਤੇ ਕਟੜਤਾ ਕਰਕੇ ਜਾਣਿਆ ਜਾਂਦਾ ਸੀ ਅਤੇ ਇਕ ਯਹੂਦੀਆਂ, ਈਸਾਈਆਂ, ਪਾਰਸੀਆਂ ਅਤੇ ਹੋਰ ਧੜਿਆਂ ਦੇ ਮੁਸਲਮਾਨਾਂ ਨੂੰ ਗਲਤ ਮੰਨਦੇ ਅਤੇ ਉਨ੍ਹਾਂ ਦਾ ਨਿਰਾਦਰ ਕਰਨਾ ਤੇ ਕੂਬੋਲ ਬੋਲਣਾ ਆਪਣਾ ਗੁਣ ਸਮਝਦੇ ਸਨ। ਜੇ ਇਕ ਮੁਸਲਮਾਨ ਕਿਸੇ ਯਹੂਦੀ ਜਾਂ ਈਸਾਈ ਕੋਲੋਂ ਪੈਸੇ ਲੈਂਦਾ ਤਾਂ ਜੇਬ

ਵਿਚ ਰੱਖਣ ਤੋਂ ਪਹਿਲਾਂ ਉਸ ਨੂੰ ਧੋਣਾ ਪੈਂਦਾ ਸੀ। ਇਨ੍ਹਾਂ ਵਿਚੋਂ ਕੋਈ ਜੇ ਉਸ ਦੇ ਕਾਲੀਨ ਤੇ ਪੈਰ ਰੱਖ ਦਿੰਦਾ ਸੀ ਤਾਂ ਉਹ ਖਰਾਬ ਹੋ ਜਾਂਦਾ ਸੀ। ਦੂਜੇ ਪਾਸੇ ਯਹੂਦੀ, ਮੁਸਲਮਾਨ ਅਤੇ ਈਸਾਈ ਦੋਨਾਂ ਦੀ ਨਿੰਦਿਆ ਕਰਦੇ ਸੀ, ਈਸਾਈ ਮੁਹੰਮਦ ਨੂੰ ਝੂਠਾ ਪੈਗੰਬਰ ਮੰਨਦੇ ਸਨ ਅਤੇ ਈਸਾਈਆਂ ਤੋਂ ਇਲਾਵਾ ਸਾਰਿਆਂ ਨੂੰ ਵਾਸਤਵਿਕ ਧਰਮ ਤੋਂ ਦੂਰ ਮੰਨਦੇ ਸਨ। ਜਦੋਂ ਕਿ ਜ਼ਰਥੂਸਤੀ (ਪਾਰਸੀ) ਵਖਰੇ ਸੰਪ੍ਰਦਾਵਾਂ ਵਿਚ ਰਹਿੰਦੇ ਸਨ ਕਿਉਂਕਿ ਉਨ੍ਹਾਂ ਅਨੁਸਾਰ ਦੂਜੇ ਧਰਮਾਂ ਵਾਲੇ ਉਨ੍ਹਾਂ ਦੇ ਦੇਸ਼ਵਾਸੀ ਅਪਵਿੱਤਰ (ਪਲੀਤ) ਅਤੇ ਉਨ੍ਹਾਂ ਨਾਲ ਰਹਿਣ ਵਾਲੇ ਅਯੋਗ ਸਨ। ਏਨਾ ਸਭ ਹੁੰਦਿਆਂ ਹੋਇਆਂ ਵੀ, ਇਰਾਨ ਵਿਚ ਅਧਿਆਤਮਕ ਜੀਵਨ ਲੁਪਤ ਨਹੀਂ ਹੋਇਆ ਸੀ। ਪ੍ਰਬਲ ਭੱਤਿਕਤਾ ਅਤੇ ਅੰਧਵਿਸ਼ਵਾਸ ਦੇ ਵਿਚ ਵੀ ਕੁਝ ਐਸੀਆਂ ਸੰਤ ਸੁਭਾ ਆਤਮਾਵਾਂ ਲੱਭੀਆਂ ਜਾ ਸਕਦੀਆਂ ਸਨ ਜੋ ਕਿ ਇਕ ਪਵਿੱਤਰ ਰੱਬ ਦੇ ਅਵਤਾਰਾਂ ਦੇ ਆਉਣ ਦੀ ਬੜੀ ਉਤਸੁਕਤਾ ਨਾਲ ਇੰਤਜ਼ਾਰ ਕਰ ਰਹੀਆਂ ਸਨ। ਇਨ੍ਹਾਂ ਵਿਚੋਂ ਦੋ ਪ੍ਰਮੁੱਖ ਉਪਦੇਸ਼ਕ—ਸ਼ੇਖ ਅਹਿਮਦ ਅਤੇ ਉਨ੍ਹਾਂ ਦਾ ਚੇਲਾ ਸੱਯਦ ਕਾਜ਼ਿਮ ਸੀ ਜੋ ਆਪਣੇ ਜੀਵਨ ਦੀ ਸ਼ੁਧਤਾ, ਧਰਮ-ਨਿਸ਼ਠਾ ਅਤੇ ਗਹਿਨ ਅਧਿਅਨ ਲਈ ਪ੍ਰਸਿੱਧ ਸਨ ਅਤੇ ਜਿਨ੍ਹਾਂ ਨੇ ਆਪਣੇ ਅਨੁਯਾਈਆਂ (ਅਨੁਵਰਤਕਾਂ) ਨੂੰ ਸਦਾ ਪ੍ਰੇਰਿਤ ਕੀਤਾ ਕਿ ਉਹ ਸੱਚੇ ਰੱਬ ਦੇ ਆਉਣ ਦਾ ਇੰਤਜ਼ਾਰ ਅਤੇ ਉਸਦੇ ਲਈ ਅਰਦਾਸ ਕਰਨ ਅਤੇ ਉਨ੍ਹਾਂ ਦੀ ਪਹਿਚਾਣ ਦੇ ਸੰਕੇਤਾਂ ਦੀ ਜਾਣਕਾਰੀ ਦੇਣ। ਉਹ ਆਤਮਾ ਦੀ ਦਾਤ (ਸੁਗਾਤ) ਦਾ ਧਨੀ ਪਰ ਬਾਹਰਲੀ ਦਿੱਖ ਤੋਂ ਨਿਮਰ

(ਨਿਮਾਣਾ) ਅਤੇ ਸਾਧਾਰਣ ਨੌਜਵਾਨ ਹੋਏਗਾ। ਪਹਿਲੇ ਦੇ ਪਵਿੱਤਰ ਪੈਗੰਬਰਾਂ ਵਾਂਗ ਉਹ ਧਰਤੀ ਦੇ ਮਹਾਨ ਮਨੁੱਖਾਂ ਦੇ ਜ਼ੁਲਮ ਦਾ ਭਾਗੀ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਅਤਿਆਚਾਰ ਨਾਲ ਉਸਦੀ ਮੌਤ ਹੋਏਗੀ।

ਜਦੋਂ ਬਾਬ ਪ੍ਰਗਟ ਹੋਏ ਤਾਂ ਉਹਨਾਂ ਨੇ ਨਿਮਰਤਾ ਪਰ ਨਿਡਰਤਾ ਨਾਲ ਐਲਾਨ ਕੀਤਾ ਕਿ ਉਹ ਹੀ ਪਵਿੱਤਰ ਰੱਬ ਦੇ ਅਵਤਾਰ ਹਨ। ਉਦੋਂ ਸ਼ੇਖ ਅਹਿਮਦ ਅਤੇ ਸੱਯਦ ਕਾਜ਼ਿਮ ਦੇ ਅਨੁਯਾਈਆਂ ਨੇ ਬੜੀ ਉਤਸੁਕਤਾ ਨਾਲ ਉਨ੍ਹਾਂ ਦੇ ਇਸ ਦਾਵੇ ਨੂੰ ਕਬੂਲ (ਸਵੀਕਾਰ) ਕਰ ਲਿਆ। ਉਨ੍ਹਾਂ ਦੀ ਜਵਾਨੀ ਅਤੇ ਸੁਹੱਪਣ, ਉਨ੍ਹਾਂ ਦੇ ਜੀਵਨ ਦੀ ਸ਼ੁਧਤਾ, ਉਹਨਾਂ ਦੀ ਧਰਮ ਨਿਸ਼ਠਾ ਅਤੇ ਸ੍ਰੇਸ਼ਠਤਾ ਉਨ੍ਹਾਂ ਦੇ ਕਥਨਾਂ (ਬੋਲ) ਤੇ ਲੇਖਾਂ ਦੀ ਸਪਸ਼ਟ ਪ੍ਰੇਰਣਾ, ਧਰਮ ਗ੍ਰੰਥਾਂ ਦਾ ਗਹਿਨ ਗਿਆਨ ਅਤੇ ਸਮਝ ਵਿਰੋਧੀਆਂ ਦਾ ਮੁਕਾਬਲਾ ਕਰਨ ਦਾ ਦ੍ਰਿੜ ਨਿਸ਼ਚੇ ਅਤੇ ਸਾਰੀਆਂ ਮੁਸ਼ਕਿਲਾਂ ਦੇ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੀ ਸ਼ਾਂਤੀ, ਪਰਮ ਸਵਾਰਥਹੀਣਤਾ ਅਤੇ ਰੱਬ ਦੇ ਪਿਆਰਿਆਂ ਦੀ ਸੇਵਾ ਵਿਚ ਸੰਪੂਰਣ, ਇਨ੍ਹਾਂ ਤੋਂ ਸਪਸ਼ਟ ਹੋ ਗਿਆ ਕਿ ਇਹੀ ਹਨ ਜਿਨ੍ਹਾਂ ਦਾ ਇੰਤਜ਼ਾਰ ਸੀ। ਉਨ੍ਹਾਂ ਨੂੰ ਇੰਤਜ਼ਾਰ ਸੀ ਅਤੇ ਉਹ ਈਰਾਨ ਦੇ ਸਾਰੇ ਭਾਗਾਂ ਅਤੇ ਨਾਲ ਲਗਦੇ ਦੇਸ਼ਾਂ ਵਿਚ ਉਨ੍ਹਾਂ ਦੇ ਆਗਮਨ ਦੇ ਸ਼ੁਭ ਸਮਾਚਾਰਾਂ ਦਾ ਐਲਾਨ ਕਰਨ ਲਈ ਫੈਲ ਗਏ।

ਉਸ ਸਮੇਂ ਸ਼ੀਆ ਨੇਤਾਵਾਂ ਨੇ ਉਨ੍ਹਾਂ ਦਾ ਕਠੋਰਤਾ ਨਾਲ ਵਿਰੋਧ ਕੀਤਾ। ਉਨ੍ਹਾਂ ਨੂੰ ਜੇਲ ਵਿਚ ਕੈਦ ਕਰ ਦਿੱਤਾ ਗਿਆ,

ਉਨ੍ਹਾਂ ਉਤੇ ਕੱਫ਼ੇ ਵਰਸਾਏ ਗਏ, ਅਦਾਲਤਾਂ 'ਚ ਪੇਸ਼ ਕੀਤਾ ਗਿਆ, ਅਤੇ ਅਖੀਰ 6 ਸਾਲਾਂ ਤਕ ਬਦਸਲੂਕੀ ਅਤੇ ਦੁਰਵਿਵਹਾਰ ਦੇ ਪਿਛੋਂ 9 ਜੁਲਾਈ, 1850 ਨੂੰ ਤਬ੍ਰੀਜ਼ ਦੇ ਬੈਰਕ ਚੌਕ ਵਿਚ ਜਨ-ਸਾਧਾਰਨ ਰੂਪ ਵਿਚ ਗੋਲੀ ਮਾਰ ਦਿੱਤੀ ਗਈ। ਫਿਰ ਵੀ ਉਨ੍ਹਾਂ ਦੀ ਸਿੱਖਿਆਵਾਂ ਅਤੇ ਉਨ੍ਹਾਂ ਦੇ ਅਨੁਯਾਈਆਂ ਦੀ ਅਥੱਕ ਮਿਹਨਤ ਨੇ ਇਸਲਾਮ ਜਗਤ ਵਿਚ ਵਿਆਪਕ ਉਤੇਜਨਾ ਪੈਦਾ ਕਰ ਦਿੱਤੀ। ਦੁਸ਼ਮਨਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਉਨ੍ਹਾਂ ਦੇ ਅਨੁਯਾਈ ਪੈਦਾ ਹੋਏ ਅਤੇ ਉਨ੍ਹਾਂ ਦੀ ਗਿਣਤੀ ਵਿਚ ਵਾਧਾ ਹੋਇਆ। ਅਨੁਯਾਈਆਂ ਦੇ ਚੇਹੇਤੇ ਗੁਰੂ ਦੀ ਸ਼ਹਾਦਤ ਨੇ ਵੀ ਉਨ੍ਹਾਂ ਦੇ ਉਤਸ਼ਾਹ ਦੀ ਗਰਮੀ ਨੂੰ ਹੋਰ ਵਧੇਰੇ ਭੜਕਾਇਆ। ਉਨ੍ਹਾਂ ਦੀ ਪਤਨੀ ਅਤੇ ਬੱਚਿਆਂ ਨੂੰ ਚੁੱਕ ਲਿਆ ਗਿਆ। ਉਨ੍ਹਾਂ ਦੇ ਘਰ ਲੁੱਟੇ, ਅਤੇ ਨਸ਼ਟ ਕਰ ਦਿੱਤੇ ਗਏ। ਕਈਆਂ ਦੇ ਸਿਰ ਕਟ ਦਿੱਤੇ ਗਏ, ਫਾਂਸੀ ਚਾੜ੍ਹ ਦਿੱਤੇ ਗਏ, ਤੋਪਾਂ ਨਾਲ ਉਡਾ ਦਿੱਤਾ ਗਿਆ, ਜਲਾ ਦਿੱਤਾ ਗਿਆ ਅਤੇ ਕੱਟ ਕੇ ਟੁਕੜੇ ਟੁਕੜੇ ਕਰ ਦਿੱਤਾ ਗਿਆ, ਪਰ ਹਰੇਕ ਸ਼ਹੀਦ ਦੀ ਥਾਂ ਹੋਰ ਲੱਖੀ ਇਸ ਅੰਦੋਲਨ ਵਿਚ ਸ਼ਾਮਿਲ ਹੋ ਗਏ।

ਬਹਾ ਉੱਲਾਹ : ਰੱਬ ਦੀ ਮਹਿਮਾ

ਬਾਬ ਦੇ ਸਭ ਤੋਂ ਪਹਿਲੇ ਸਮਰਥਕਾਂ ਵਿਚੋਂ ਇਕ ਸਨ, ਮਿਰਜ਼ਾ ਹੁਸੈਨ ਅਲੀ ਜਿਨ੍ਹਾਂ ਨੂੰ ਬਾਅਦ ਵਿਚ ਬਹਾ ਉੱਲਾਹ (ਰੱਬ ਦੀ ਮਹਿਮਾ) ਦੇ ਸਿਰਨਾਵੇਂ (ਖਿਤਾਬ) ਨਾਲ ਜਾਣਿਆ ਗਿਆ। ਇਹ ਬਾਬ ਤੋਂ ਦੋ ਸਾਲ ਵੱਡੇ ਸਨ ਅਤੇ 12 ਨਵੰਬਰ 1817

ਨੂੰ ਈਰਾਨ ਦੀ ਰਾਜਧਾਨੀ ਤਹਿਰਾਨ ਵਿਚ ਪੈਦਾ ਹੋਏ ਸਨ। ਇਨ੍ਹਾਂ ਦਾ ਪਰਿਵਾਰ ਸਭ ਤੋਂ ਕੁਲੀਨ ਅਤੇ ਧਨਾਢ ਪਰਿਵਾਰਾਂ ਵਿਚੋਂ ਇਕ ਸੀ। ਇਨ੍ਹਾਂ ਦੀ ਆਪਣੀ ਚਿਰਸਥਾਈ ਅੱਛਾਈਆਂ ਅਤੇ ਉਦਾਰਤਾ ਦੇ ਕਾਰਣ ਇਨ੍ਹਾਂ ਨੂੰ 'ਗਰੀਬਾਂ ਦਾ ਪਿਤਾ" ਦੀ ਉਪਾਧੀ ਪ੍ਰਾਪਤ ਹੋਈ ਸੀ; ਫਿਰ ਵੀ ਇਹ ਸਭ ਉਨ੍ਹਾਂ ਨੂੰ ਜੇਲ ਵਿਚ ਪਾਏ ਜਾਣ ਅਤੇ ਬੈਤ ਲਾਏ ਜਾਣ ਤੋਂ ਨਾ ਬਚਾ ਸਕੀ, ਜਦੋਂ ਕਿ ਉਨ੍ਹਾਂ ਦੇ ਕਾਰਜਾਂ ਦਾ ਸਮਰਥਨ ਕੀਤਾ। 1852 ਵਿਚ ਬਾਬ ਦੇ ਸ਼ਹੀਦ ਹੋਣ ਦੇ ਦੋ ਸਾਲ ਬਾਅਦ ਬਾਬ ਦੇ ਅਨੁਯਾਈਆਂ ਦੇ ਵਿਰੁਧ ਇਕ ਨਵਾਂ ਤੇ ਭਿਆਨਕ ਅਤਿਆਚਾਰ ਦਾ ਦੌਰ ਚਲ ਪਿਆ ਅਤੇ ਬਹਾ ਉੱਲਾਹ ਨੂੰ ਫੇਰ ਜੇਲ੍ਹ ਵਿਚ ਪਾ ਦਿੱਤਾ ਗਿਆ। ਇਸ ਵਾਰ ਉਨ੍ਹਾਂ ਦਾ ਘਰ ਲੁੱਟ ਲਿਆ ਅਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਲਈ ਗਈ। ਉਨ੍ਹਾਂ ਦੀ ਪਤਨੀ ਅਤੇ ਬੱਚਿਆਂ ਨੂੰ ਘਰੋਂ ਕੱਢ ਦਿੱਤਾ ਗਿਆ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਨਾਲ ਜ਼ੰਜੀਰਾਂ ਅਤੇ ਬੇੜੀਆਂ ਨਾਲ ਜਕੜ ਕੇ ਹੱਤਿਆਰਿਆਂ ਅਤੇ ਹੋਰ ਅਪ-ਰਾਧੀਆਂ ਨਾਲ ਹੀ ਇਕ ਗੰਦੇ ਜ਼ਮੀਨ ਦੋਜ ਵਿਚ ਕੈਦ ਕਰ ਦਿੱਤਾ ਗਿਆ। ਕਾਫੀ ਸਾਰੇ ਬਾਬ ਦੇ ਅਨੁਯਾਈਆਂ ਨੂੰ ਤਸੀਹੇ ਦਿੱਤੇ ਅਤੇ ਮਾਰ ਦਿੱਤਾ ਗਿਆ। ਫਿਰ ਵੀ ਬਹਾ ਉੱਲਾਹ ਦੀ ਜ਼ਿੰਦਗੀ ਨੂੰ ਬਚਾ ਲਿਆ ਅਤੇ ਚਾਰ ਮਹੀਨੇ ਤਹਿਖਾਨੇ ਦੀ ਕੈਦ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਅਤੇ ਕੁਝ ਸਮਰਥਕਾਂ ਸਹਿਤ ਦੇਸ਼ ਨਿਕਾਲਾ ਦੇ ਕੇ ਬਗਦਾਦ ਵਲ ਭੇਜ ਦਿੱਤਾ। ਲੋਕ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਸੁਣਨ ਲਈ ਬਗ਼ਦਾਦ ਵਿਚ ਇਕੱਠੇ ਹੋ ਗਏ। ਮੁਲਾਣਿਆਂ ਨੇ ਇਸ ਨੂੰ ਦਬਾਉਣ ਦੀਆਂ ਤਮਾਮ ਕੋਸ਼ਿਸ਼ਾਂ ਦੇ

ਬਾਵਜੂਦ ਬਾਬ ਦਾ ਅੰਦੋਲਨ ਤੇਜੀ ਨਾਲ ਚਲਦਾ ਰਿਹਾ। ਅੰਤ ਵਿਚ ਉਨ੍ਹਾਂ ਨੇ ਤੁਰਕੀ ਦੇ ਸੁਲਤਾਨ ਬਹਾ ਉੱਲਾਹ ਨੂੰ ਬਹੁਤ ਦੂਰ ਭੇਜਣ ਲਈ ਮਨਾ ਲਿਆ ਅਤੇ ਅਪ੍ਰੈਲ 1863 ਵਿਚ ਉਨ੍ਹਾਂ ਨੂੰ ਕਨਸਟੈਂਟੀਪੋਲ ਭੇਜ ਦਿੱਤਾ ਗਿਆ। ਜਦੋਂ ਕਾਰਵਾਂ ਯੂਰਪ ਦੀ ਲੰਬੀ ਯਾਤਰਾ ਲਈ ਤਿਆਰ ਕੀਤਾ ਜਾ ਰਿਹਾ ਸੀ, ਬਹਾ ਉੱਲਾਹ ਅਤੇ ਉਨ੍ਹਾਂ ਦੇ ਪਰਿਵਾਰ ਨੇ ਬਗਦਾਦ ਦੇ ਬਾਹਰਵਾਰ ਇਕ ਬਾਗ ਵਿਚ ਬਾਰਾਂ ਦਿਨ ਦੇ ਲਈ ਡੇਰਾ ਪਾ ਲਿਆ। ਇਨ੍ਹਾਂ ਬਾਰਾਂ ਦਿਨਾਂ ਵਿਚੋਂ ਪਹਿਲੇ ਦਿਨ ਬਹਾ ਉੱਲਾਹ ਨੇ ਆਪਣੇ ਕੁਝ ਅਨੁਯਾਈਆਂ ਨੂੰ ਇਹ ਸ਼ੁਭ ਸਮਾਚਾਰ ਸੁਣਾਇਆ ਕਿ ਉਹ ਉਹੀ ਹਨ ਜਿਨ੍ਹਾਂ ਦੇ ਆਉਣ ਦੀ ਭਵਿੱਖਬਾਣੀ ਬਾਬ ਨੇ ਕੀਤੀ ਸੀ ਜਿਸ ਨੂੰ ਰੱਬ ਨੇ ਸੰਸਾਰ ਵਿਚ ਨਵੇਂ ਜੁੱਗ ਦਾ ਉਦਘਾਟਨ ਕਰਨ ਲਈ ਚੁਣਿਆ ਹੈ—ਇਕ ਐਸਾ ਯੁੱਗ ਜਿਸ ਵਿਚ ਭਾਂਤ ਭਾਂਤ ਦੇ ਧਰਮਾਂ, ਜਾਤੀਆਂ, ਦੇਸ਼ਾਂ ਅਤੇ ਸ਼੍ਰੇਣੀਆਂ ਵਿਚ ਇਕਸੁਰਤਾ ਅਤੇ ਏਕਤਾ ਹੋਵੇਗੀ। ਜਿਸ ਵਿਚ ਰੱਬ ਪਿੱਤਰਤਾ (ਪਿਤਾ-ਪਰਮ) ਅਤੇ ਮਨੁੱਖੀ ਭਰਾਤਰੀਅਤਾ (ਭਾਈਚਾਰਾ) ਸਭ ਨੂੰ ਸਰਬ ਵਿਆਪੀ ਹੋਵੇਗੀ ਅਤੇ ਮਨੁੱਖਤਾ ਇਕ ਪਰਿਵਾਰ, ਸਾਰੀ ਧਰਤੀ ਇਕ ਘਰ ਹੋਵੇਗੀ। ਇਨ੍ਹਾਂ ਦਿਨਾਂ ਵਿਚ ਬਹਾ ਉੱਲਾਹ ਨੇ ਦੁਖ ਨਾਲ ਦਿਲ ਢਾਹਣ ਦੀ ਥਾਂ ਵਧ ਤੋਂ ਵਧ ਖੁਸ਼ੀ ਅਤੇ ਸ਼ਕਤੀ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇ ਅਨੁਯਾਈ ਖੁਸ਼ ਹੋਏ ਅਤੇ ਉਨ੍ਹਾਂ ਵਿਚ ਉਤਸ਼ਾਹ ਦਾ ਸੰਚਾਰ ਹੋਇਆ ਅਤੇ ਜੇਲ ਜਾਣ ਵਾਲੇ ਬੰਦੀਆਂ ਨੂੰ ਇੱਜ਼ਤ ਦੇਣ ਲਈ ਲੋਕਾਂ ਦੀ ਭਾਰੀ ਭੀੜ ਇਕੱਠੀ ਹੋ ਗਈ।

ਕਾਂਸਟੈਂਟਿਨੋਪਿਲ ਦੀ ਯਾਤਰਾ ਤਿੰਨ ਤੋਂ 4 ਮਹੀਨੇ ਚਲੀ ਅਤੇ ਇਸ ਦਲ ਨੂੰ ਰਸਤੇ ਵਿਚ ਕਈ ਪ੍ਰਕਾਰ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਕਰੀਬ 4 ਮਹੀਨੇ ਬਾਅਦ ਉਨ੍ਹਾਂ ਨੂੰ ਕਾਂਸਟੈਂਟਿਨੋਪਿਲ ਤੋਂ ਏਡ੍ਰਿਯਾਨੋਪਿਲ ਲੈ ਜਾਇਆ ਗਿਆ ਜਿਥੇ ਉਹ ਸਾਢੇ ਚਾਰ ਸਾਲ ਤੋਂ ਵੱਧ ਸਮਾਂ ਇਥੇ ਰਹੇ। ਇਥੇ ਉਨ੍ਹਾਂ ਨੇ ਜਨ ਸਾਧਾਰਣ ਵਿਚ ਆਪਣੇ ਮਿਸ਼ਨ ਦਾ ਐਲਾਨ ਕੀਤਾ ਅਤੇ ਬਹੁਗਿਣਤੀ ਬਾਬ ਦੇ ਅਨੁਯਾਈਆਂ ਨੇ, ਜਿਨ੍ਹਾਂ ਨੂੰ ਪਿਛੋਂ ਬਹਾਈਆਂ ਦੇ ਨਾਮ ਨਾਲ ਜਾਣਿਆ ਗਿਆ, ਨੇ ਬੜੇ ਉਤਸ਼ਾਹ ਨਾਲ ਕਬੂਲ ਕੀਤਾ।

ਬਹਾ ਉੱਲਾਹ ਨੂੰ ਯੂਰਪ ਵਲ ਦੇਸ਼ ਨਿਕਾਲਾ ਦਿੱਤੇ ਜਾਣ ਦੇ ਬਾਵਜੂਦ, ਇਹ ਨਵਾਂ ਧਰਮ ਇਰਾਨ ਵਿਚ ਪ੍ਰਗਤੀ ਕਰਦਾ ਰਿਹਾ ਅਤੇ ਅਖੀਰਲੇ ਚਾਰੇ ਦੇ ਰੂਪ ਵਿਚ ਉਨ੍ਹਾਂ ਨੂੰ ਫਲਸਤੀਨ ਦੇ ਛੋਟੀਆਂ ਕੰਧਾਂ ਵਾਲੇ ਅੱਕਾ ਸ਼ਹਿਰ ਵਿਚ ਇਕ ਕਿਲੇ 'ਚ ਬੰਦ ਕਰਕੇ ਬਾਹਰੀ ਦੁਨੀਆਂ ਤੋਂ ਸਾਰੇ ਸੰਪਰਕ ਕੱਟ ਕੇ ਬਹਾ ਉੱਲਾਹ ਦੀ ਆਵਾਜ਼ ਬੰਦ ਕਰਨ ਦਾ ਨਿਰਣਾ ਕੀਤਾ ਗਿਆ। ਇਸ ਤਰ੍ਹਾਂ ਕੀਤਾ ਵੀ ਗਿਆ ਅਤੇ 1868 ਵਿਚ ਬਹਾ ਉੱਲਾਹ ਨੂੰ ਜ਼ਨਾਨੀਆਂ ਅਤੇ ਬੱਚਿਆਂ ਸਮੇਤ 80 ਸਾਥੀਆਂ ਦੇ ਨਾਲ ਬਿਨਾਂ ਬਿਸਤਰਿਆਂ ਅਤੇ ਹੋਰ ਕਿਸੀ ਤਰ੍ਹਾਂ ਦੀਆਂ ਸਹੂਲਤਾਂ ਦੇ ਬਗੈਰ ਫੌਜਾਂ ਦੀਆਂ ਬੈਰਕਾਂ ਵਿਚ ਪਾ ਦਿੱਤਾ ਗਿਆ। ਦੋ ਸਾਲਾਂ ਬਾਦ ਫੌਜ ਦੇ ਕੰਮ ਲਈ ਬੈਰਕਾਂ ਦੀ ਜ਼ਰੂਰਤਾਂ ਪਈ ਤਾਂ ਬਹਾ ਉੱਲਾਹ ਤੇ ਉਨ੍ਹਾਂ ਦੇ ਪਰਿਵਾਰ ਨੂੰ ਅੱਕਾ ਦੇ ਇਕ ਘਰ ਵਿਚ ਭੇਜ ਦਿੱਤਾ ਗਿਆ। ਹੋਰ

ਸੱਤ ਸਾਲ ਤੱਕ ਉਨ੍ਹਾਂ ਨੂੰ ਘਰ ਵਿਚੋਂ ਬਾਹਰ ਨਹੀਂ ਆਉਣ ਦਿੱਤਾ ਗਿਆ। ਇਸ ਉਪਰੰਤ ਕਠੋਰ ਕੈਦ ਵਿਚ ਕਮੀ ਕੀਤੀ ਗਈ ਅਤੇ ਉਸ ਤੋਂ ਬਾਦ ਉਨ੍ਹਾਂ ਦਾ ਜੀਵਨ ਅੱਕਾ ਤੋਂ ਬਾਹਰਵਾਰ ਇਕ ਘਰ ਵਿਚ ਕਾਫੀ ਆਰਾਮ ਨਾਲ ਬਤੀਤ ਹੋਇਆ। ਇਥੇ ਹੀ ਉਨ੍ਹਾਂ ਨੂੰ ਕੁਝ ਮੀਲ ਦੇ ਦਾਇਰੇ 'ਚ ਦੇਸ਼ ਵਿਚ ਘੁੰਮਣ ਅਤੇ ਆਪਣੇ ਅਨੁਯਾਈਆਂ ਦਾ ਸੁਆਗਤ ਕਰਨ ਦੀ ਸੁਤੰਤਰਤਾ ਸੀ, ਜੋ ਦੂਰ ਦੁਰਾਡੇ ਇਲਾਕਿਆਂ ਤੇ ਤੀਰਥ ਯਾਤਰਾ ਦੇ ਰੂਪ ਵਿਚ ਮਿਲਣ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸੁਣਨ ਲਈ ਆਉਂਦੇ ਸਨ। 29 ਮਈ 1892 ਨੂੰ ਪਚੱਤਰ ਸਾਲ ਦੀ ਉਮਰ ਵਿਚ ਉਨ੍ਹਾਂ ਦਾ ਸੁਰਗਵਾਸ ਹੋ ਗਿਆ। ਇਸ ਸਮੇਂ ਤਕ ਹਜ਼ਾਰਾਂ ਲੋਕ ਉਨ੍ਹਾਂ ਦੇ ਅੰਦੋਲਨ ਲਈ ਆਪਣਾ ਜੀਵਨ ਸਰਬੰਸ ਤੱਰ ਤੇ ਬਲੀਦਾਨ ਕਰਕੇ ਆਪਣੀ ਸ਼ਰਧਾ ਭਗਤੀ ਦੀ ਸੱਚਾਈ ਦਾ ਪ੍ਰਮਾਣ ਦੇ ਚੁੱਕੇ ਸਨ।

ਅਬਦੁਲ ਬਹਾ : ਮਹਿਮਾ ਦੇ ਸੇਵਕ

ਬਹਾ ਉੱਲਾਹ ਦੀ ਥਾਂ ਉਨ੍ਹਾਂ ਦੇ ਵੱਡੇ ਸਪੁੱਤਰ ਅੱਬਾਸ ਅਲੀ ਅਫੈਂਦੀ ਨੇ ਲਈ ਜੋ ਕਿ ਅਬਦੁਲ ਬਹਾ (ਮਹਿਮਾ ਦੇ ਸੇਵਕ) ਦੇ ਨਾਂ ਨਾਲ ਜ਼ਿਆਦਾ ਜਾਣੇ ਜਾਂਦੇ ਹਨ। ਅਬਦੁਲ ਬਹਾ ਅੱਠ ਸਾਲ ਦੇ ਸਨ, ਜਦੋਂ ਉਨ੍ਹਾਂ ਦੇ ਪਰਿਵਾਰ ਨੂੰ ਇਰਾਨ ਤੋਂ ਦੇਸ਼ ਨਿਕਾਲਾ ਦੇ ਦਿੱਤਾ ਗਿਆ ਸੀ ਅਤੇ ਉਦੋਂ ਤੋਂ ਹੀ ਆਪ ਨੇ ਆਪਣੇ ਪਿਤਾ ਦੇ ਨਾਲ ਸਾਰੇ ਜੇਲਖਾਨੇ ਅਤੇ ਮੁਸ਼ਕਿਲਾਂ ਦੇ ਭਾਗੀਦਾਰ ਸਨ, ਜਦੋਂ ਕਿ ਉਹ ਬੱਚੇ ਹੀ ਸਨ ਫਿਰ ਵੀ ਉਹ

ਪਰਿਵਾਰ ਦੇ ਮੁੱਖ ਸਹਾਰਾ ਬਣੇ ਅਤੇ ਉਨ੍ਹਾਂ ਨੇ ਆਪਣੇ ਪਿਤਾ ਨੂੰ ਸਾਰੇ ਘਰੇਲੂ ਕੰਮਾਂ ਤੋਂ ਮੁਕਤ ਰੱਖਿਆ, ਜਿਸ ਕਰਕੇ ਕਿ ਉਹ ਸਾਰੇ ਲੇਖਨ ਅਤੇ ਉਪਦੇਸ਼ ਸੰਬੰਧੀ ਮਹੱਤਵਪੂਰਨ ਕਾਰਜਾਂ ਵਾਸਤੇ ਮੁਕਤ ਰਹਿਣ। ਉਨ੍ਹਾਂ ਨੂੰ ਪਹਿਲੇ ਮਿਲਣ ਆਉਣ ਵਾਲੇ ਆਦਮੀਆਂ ਦਾ ਇਮਤਿਹਾਨ ਲੈਣ ਦਾ ਕਾਰਜ ਆਪਣੇ ਹੱਥ ਲੈ ਲਿਆ। ਜੋ ਉਨ੍ਹਾਂ ਨੂੰ ਲਗਦਾ ਕਿ ਇਹ ਸੱਚਮੁੱਚ ਹੀ ਸੱਚਾ ਸੇਵਕ ਹੈ ਤਾਂ ਤੇ ਉਨ੍ਹਾਂ ਨੂੰ ਪਿਤਾ ਨਾਲ ਮਿਲਣ ਦਿੱਤਾ, ਨਹੀਂ ਤਾਂ ਬਹਾ ਉੱਲਾਹ ਨੂੰ ਪਰੇਸ਼ਾਨ ਕਰਨ ਦੀ ਆਗਿਆ ਨਾ ਦਿੱਤੀ। ਏਡ੍ਰੀਯੋਨੋਪਿਲ ਵਿਚ ਉਨ੍ਹਾਂ ਨੇ ਸਿੱਖਿਆ ਦਾ ਕਾਫੀ ਕਾਰਜ ਕੀਤਾ ਅਤੇ ਉਨ੍ਹਾਂ ਨੂੰ ਗੁਰੂ ਦੇ ਰੂਪ ਵਿਚ ਜਾਣਿਆ ਜਾਣ ਲੱਗਾ। ਅੱਕਾ ਵਿਚ ਜਦੋਂ ਪੂਰਾ ਦਲ ਮਿਆਦੀ ਬੁਖਾਰ, ਮਲੇਰੀਆ ਅਤੇ ਪੇਚਸ਼ ਨਾਲ ਪੀੜਤ ਸੀ ਉਨ੍ਹਾਂ ਨੇ ਰੋਗੀਆਂ ਦੀ ਸਫਾਈ, ਉਨ੍ਹਾਂ ਦੀ ਸੰਭਾਲ ਕੀਤੀ ਉਦੋਂ ਤਕ ਉਨ੍ਹਾਂ ਦੀ ਦੇਖਭਾਲ ਕੀਤੀ ਜਦੋਂ ਤਕ ਕਿ ਉਹ ਪੂਰਨ ਰੂਪ ਵਿਚ ਠੀਕ ਨਾ ਹੋ ਗਏ। ਖੁਦ ਉਨ੍ਹਾਂ ਨੂੰ ਪੇਚਸ਼ ਹੋ ਗਈ ਅਤੇ ਲਗਭਗ ਇਕ ਮਹੀਨਾ ਤਕ ਉਹ ਖਤਰਨਾਕ ਸਥਿਤੀ ਵਿਚ ਰਹੇ। ਆਪਣੇ ਕੁਲੀਨ ਅਤੇ ਪੂਰਨ ਦਿਆਲੂ ਜੀਵਨ ਨਾਲ ਉਹ ਸ਼ਹਿਰ ਦੇ ਲੋਕਾਂ ਵਿਚ ਹਰਮਨ ਪਿਆਰੇ ਬਣ ਗਏ ਅਤੇ ਗਵਰਨਰ ਤੋਂ ਲੈ ਕੇ ਭਿਖਾਰੀ ਤਕ ਸਾਰੇ ਵਰਗਾਂ ਦੇ ਲੋਕ ਉਨ੍ਹਾਂ ਨੂੰ ਪਿਆਰ ਅਤੇ ਸਨਮਾਨ ਦੇਣ ਲੱਗੇ। ਬਹਾ ਉੱਲਾਹ ਨੇ ਆਪਣੀ ਵਸੀਅਤ ਅਤੇ ਵਿਧਾਨ ਵਿਚ ਸਪੱਸ਼ਟ ਨਿਰਦੇਸ਼ ਦਿੱਤੇ ਕਿ ਉਨ੍ਹਾਂ ਦੇ ਗੁਜਰ ਜਾਣ ਤੋਂ ਬਾਦ ਸਾਰੇ ਬਹਾਈ ਅਬਦੁੱਲ ਬਹਾ ਨੂੰ ਆਪਣਾ ਪੱਥ ਪ੍ਰਦਰਸ਼ਕ ਸਵੀਕਾਰ ਕਰਨ ਅਤੇ ਉਨ੍ਹਾਂ ਦੀ ਆਗਿਆ ਮੰਨਣ।

ਉਪਦੇਸ਼ਾਂ ਦੀ ਵਿਆਖਿਆ ਸੰਬੰਧੀ ਕਿਸੇ ਵੀ ਮੁਸ਼ਕਿਲ ਵਿਚ ਉਨ੍ਹਾਂ ਦੀ ਸਹਾਇਤਾ ਲਈ ਜਾਵੇ ਅਤੇ ਉਨ੍ਹਾਂ ਦੇ ਕਥਨਾਂ ਨੂੰ ਓਨਾ ਹੀ ਮਹੱਤਵ ਦਿੱਤਾ ਜਾਵੇ। ਜਿੰਨਾ ਕਿ ਉਨ੍ਹਾਂ ਦੇ ਆਪਣੇ ਬਹਾ ਉੱਲਾਹ ਦੇ ਕਥਨਾਂ ਅਤੇ ਲੇਖਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਇਹ ਵੀ ਅਬਦੁਲ ਬਹਾ ਦੇ ਆਮ, ਸਥਾਈ ਰੂਪ ਵਿਚ ਸੰਬੋਧਿਤ ਕਰਦੇ ਸੀ ਅਤੇ ਆਪਣੀ ਇਕ ਤਖਤੀ ਵਿਚ ਉਹਨਾਂ ਨੇ ਉਨ੍ਹਾਂ ਨੂੰ ਰੱਬ ਦੀ ਮਹਾਨ ਅਤੇ ਤੇਜਸਵੀ ਸ਼ਾਖਾ ਅਤੇ ਇਕ ਰੱਬ ਦਾ ਦ੍ਰਿੜ ਅਤੇ ਅਲੌਕਿਕ ਰੂਪ ਵਿਚ ਵਿਆਖਿਆ ਕੀਤੀ ਹੈ। ਬਹਾ ਉੱਲਾਹ ਦੇ ਗੁਜਰ ਜਾਣ ਤੋਂ ਬਾਅਦ ਅਬਦੁਲ ਬਹਾ ਨੇ ਪਿਤਾ ਵਲੋਂ ਚਲਾਏ ਸਪੱਸ਼ਟ ਰੂਪ ਦੇ ਅੰਦੋਲਨ ਦੇ ਪ੍ਰਮੁੱਖ ਅਤੇ ਉਪਦੇਸ਼ਾਂ ਦੇ ਅਧਿਕਾਰੀ ਵਿਆਖਿਆਕਾਰ ਦਾ ਸਥਾਨ ਪ੍ਰਾਪਤ ਕੀਤਾ, ਲੇਕਿਨ ਇਸ ਨਾਲ ਉਨ੍ਹਾਂ ਦੇ ਕੁਝ ਸਬੰਧੀ ਅਤੇ ਕੁਝ ਲੋਕ ਨਾਰਾਜ਼ ਹੋ ਗਏ। ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਦੇ ਜ਼ਿਆਦਾ ਤੇਜ਼ ਅਨੁਯਾਈਆਂ ਦੇ ਵਿਚਕਾਰ ਫੁੱਟ ਪਾਉਣ ਦਾ ਯਤਨ ਕੀਤਾ। ਇਸ ਵਿਚ ਅਸਫਲ ਹੋਣ ਤੇ ਉਨ੍ਹਾਂ ਨੇ ਤੁਰਕੀ ਸਰਕਾਰ ਦੇ ਸਾਹਮਣੇ ਅਬਦੁੱਲ ਬਹਾ ਦੇ ਖਿਲਾਫ ਅਨੇਕ ਝੂਠੇ ਇਲਜ਼ਾਮ ਲਗਾਏ। ਇਨ੍ਹਾਂ ਇਲਜ਼ਾਮਾਂ ਦੇ ਫਲਸਰੂਪ 1901 ਵਿਚ ਅਬਦੁੱਲ ਬਹਾ ਨੂੰ ਵੀਹ ਸਾਲ ਤੋਂ ਵਧ ਅੱਕਾ ਦੇ ਆਸਪਾਸ ਕੁਝ ਮੀਲਾਂ ਤਕ ਦੇਸ਼ ਘੁੰਮਣ ਦੀ ਸੁਤੰਤਰਤਾ ਪ੍ਰਾਪਤ ਸੀ। ਫਿਰ ਤੋਂ ਸੱਤ ਸਾਲਾਂ ਤੋਂ ਵਧ ਸਮੇਂ ਲਈ ਅਨੁਯਾਈਆਂ ਨਾਲ ਕੈਦ ਕਰ ਦਿੱਤਾ ਗਿਆ ਅਤੇ ਅੰਤ ਤਕ ਸੁਤੰਤਰਤਾ ਪ੍ਰਾਪਤ ਨਹੀਂ ਹੋਈ ਜਦੋਂ ਤਕ ਕਿ 1908 ਵਿਚ ਯੂਵਾ ਤੁਰਕੀ ਦਲ ਨੇ ਆਪਣਾ ਰਾਜ ਸਥਾਪਤ ਨਾ ਕਰ

ਲਿਆ ਅਤੇ ਦੂਜੇ ਪਾਸੇ ਤੁਰਕੀ ਸਾਮਰਾਜ ਦੇ ਸਾਰੇ ਰਾਜਨੀਤਕ ਤੇ ਧਾਰਮਿਕ ਕੈਦੀਆਂ ਨੂੰ ਛੱਡ ਨਾ ਦਿੱਤਾ ਗਿਆ। ਛੱਡੇ ਜਾਣ ਤੇ ਅਬਦੁੱਲ ਬਹਾ ਨੇ 1911 ਵਿਚ ਪੱਛਮੀ ਦੁਨੀਆਂ ਦੇ ਆਪਣੇ ਪਹਿਲੇ ਦੌਰੇ ਤਕ ਉਪਦੇਸ਼, ਪੱਤਰ ਪ੍ਰਚਾਰ, ਗਰੀਬ ਅਤੇ ਬੀਮਾਰਾਂ ਲਈ ਨਿਸ਼ਕਾਮ ਸਹਾਇਤਾ ਦਾ ਆਪਣਾ ਪੁਰਾਣਾ ਕਾਰਜ ਕੀਤਾ। ਆਪਣੇ ਪੱਛਮੀ ਦੌਰੇ ਦੌਰਾਨ ਉਹ ਸਾਰੀਆਂ ਵਿਚਾਰਧਾਰਾਵਾਂ ਦੇ ਲੋਕਾਂ ਨਾਲ ਮਿਲੇ ਅਤੇ ਉਤਸਾਹਿਤ ਹੋ ਰਹੇ ਸਾਰਿਆਂ ਲੋਕਾਂ ਨੂੰ ਸਹਿਯੋਗੀ ਬਣਾ ਕੇ ਬਹਾ ਉੱਲਾਹ ਦੇ ਅੰਦੇਸ਼ਾਂ ਦਾ ਪਾਲਣ ਕੀਤਾ। ਉਹ ਸਤੰਬਰ 1911 ਵਿਚ ਲੰਦਨ ਪਹੁੰਚੇ ਅਤੇ ਉਥੇ ਇਕ ਮਹੀਨਾ ਬਿਤਾਇਆ। ਸਭ ਤੋਂ ਪਹਿਲਾਂ ਸ਼ਰੰਤਾ ਸੰਪ੍ਰਦਾਇ, ਜਿਨ੍ਹਾਂ ਨੂੰ ਉਨ੍ਹਾਂ ਸਭ ਤੋਂ ਪਹਿਲਾਂ ਸੰਬੋਧਿਤ ਕੀਤਾ, ਲੰਦਨ ਦੇ ਸਿਟੀ ਟੈਂਪਲ ਦੇ ਪਾਦਰੀ ਆਰ. ਜੇ. ਕੈਂਪਲੋਲ ਦੀ ਧਰਮ ਸਭਾ ਸੀ। ਉਨ੍ਹਾਂ ਨੇ ਹੋਰ ਸਭਾਵਾਂ ਨੂੰ ਵੀ ਸੰਬੋਧਿਤ ਕੀਤਾ। ਇਸ ਤੋਂ ਬਾਦ ਉਹ ਪੈਰਿਸ ਵਲ ਚਲੇ ਅਤੇ ਦਸੰਬਰ ਵਿਚ ਮਿਸਰ ਵਾਪਸ ਆ ਗਏ।

1912 ਦੀ ਬਸੰਤ ਨੂੰ ਉਹ ਅਮਰੀਕਾ ਗਏ ਅਤੇ ਇਕ ਕਿਨਾਰੇ ਤੋਂ ਦੂਜੇ ਕਿਨਾਰੇ ਤਕ ਯਾਤਰਾ ਕਰਦੇ ਹੋਏ ਵਿਸ਼ਵ-ਵਿਦਿਆਲੇ ਦੇ ਵਿਦਿਆਰਥੀਆਂ, ਸਮਾਜਵਾਦੀਆਂ ਮਾਰਮਨ-ਵਾਦੀਆਂ, ਯਹੂਦੀਆਂ, ਈਸਾਈਆਂ, ਆਗਯੋਵਾਦੀਆਂ, ਏਸ਼ਪ੍ਰਾਂਟਿਸਟ ਸ਼ਾਂਤੀ ਵਰਗ, ਨਵ ਵਿਚਾਰਾਂ, ਔਰਤਾਂ ਦੇ ਮਤਾਧਿਕਾਰ ਵਰਗਾਂ ਨੂੰ ਹਰੇਕ ਲਈ ਉਚਿਤ ਭਾਸ਼ਣਾਂ ਨਾਲ ਸੰਬੋਧਿਤ ਕਰਦੇ ਹੋਏ ਉਨ੍ਹਾਂ ਨੇ 6 ਮਹੀਨੇ ਬਤੀਤ ਕੀਤੇ। 5 ਦਸੰਬਰ, 1912 ਨੂੰ ਗਰੇਟ

ਬ੍ਰਿਟੇਨ ਗਏ, ਜਿਥੇ ਉਨ੍ਹਾਂ ਨੇ 6 ਮਹੀਨੇ ਬਤੀਤ ਕੀਤੇ। ਇਸ ਤੋਂ ਬਾਅਦ ਦੋ ਮਹੀਨੇ ਪੈਰਿਸ ਵਿਚ ਬਤੀਤ ਕਰ, ਓਹ ਸਟਰਗ੍ਹਾਟ ਬੁਢਾਪੇਸਟ ਅਤੇ ਵਿਆਨਾ ਵਲ ਪ੍ਰਸਥਾਨ ਕੀਤਾ। ਮਈ 1913 ਵਿਚ ਮਿਸਰ ਵਾਪਸ ਆ ਕੇ 5 ਦਸੰਬਰ, 1913 ਨੂੰ ਹੈਫਾ ਰਵਾਨਾ ਹੋ ਗਏ।

ਪਹਿਲੀ ਵਿਸ਼ਵ ਜੰਗ ਦੇ ਦੌਰਾਨ ਗੰਭੀਰ ਮੁਸ਼ਕਿਲਾਂ ਦਾ ਦੌਰ ਆਇਆ। ਸੀਰੀਆ ਦੇ ਬਾਹਰ ਦੇ ਮਿੱਤਰਾਂ ਅਤੇ ਅਨੁਯਾਈਆਂ ਨਾਲ ਲਗਭਗ ਪੂਰੀ ਤਰ੍ਹਾਂ ਨਾਲ ਸੰਪਰਕ ਟੂਟ ਗਿਆ ਅਤੇ ਉਨ੍ਹਾਂ ਦੇ ਅਨੁਯਾਈਆਂ ਦੇ ਛੋਟੇ ਜਿਹੇ ਦਲ ਨੂੰ ਫਿਰ ਉਨ੍ਹਾਂ ਨੂੰ ਖਾਣ-ਪੀਣ ਦੀ ਕਦ ਕਮੀ ਅਤੇ ਭਿਅੰਕਰ ਖਤਰੇ ਦਾ ਸਾਮ੍ਹਣਾ ਕਰਨਾ ਪਿਆ। ਉਨ੍ਹੀਂ ਸਾਲਾਂ ਦੇ ਦੌਰਾਨ ਅਬਦੁੱਲ ਬਹਾ ਦੀ ਸੂਝ ਬੂਝ ਅਤੇ ਬੁੱਧੀਮਾਨਤਾ ਇਕ ਵਾਰ ਫਿਰ ਮਹਾਨ ਰੂਪ ਵਿਚ ਵਿਖਾਈ ਦਿੱਤੀ। ਉਨ੍ਹਾਂ ਨੇ ਸਾਈਬੇਰੀਆ ਦੇ ਲਾਗੇ ਸਦੀਆਂ ਤੋਂ ਬੰਜ਼ਰ ਜ਼ਮੀਨ ਦੇ ਖੁਦ ਜ਼ਰੂਰੀ ਕਾਰਜ ਕਰਕੇ ਕਣਕ ਦਾ ਜ਼ਰੂਰੀ ਭੰਡਾਰ ਪੈਦਾ ਕੀਤਾ ਕਿ ਜਿਸ ਨਾਲ ਅਕਾਲ ਨੂੰ ਦੂਰ ਕਰਕੇ ਉਨ੍ਹਾਂ ਨੂੰ ਹਰੇਕ ਧਰਮਾਂ ਦੇ ਅਨੇਕ ਗਰੀਬਾਂ ਦੀਆਂ ਜ਼ਰੂਰਤਾਂ ਨੂੰ ਬੜੇ ਨਿਮਰ ਭਾਵ ਨਾਲ ਪੂਰਾ ਕੀਤਾ। ਜੰਗ ਸਮੇਂ ਉਨ੍ਹਾਂ ਨੇ ਅਨੁਯਾਈਆਂ ਨਾਲ ਹਰ ਰੋਜ਼ ਬੈਠਕਾਂ ਕੀਤੀਆਂ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਅਤੇ ਹੌਂਸਲਾ ਦਿੱਤਾ। ਜੰਗ ਦੇ ਖਤਮ ਹੋਣ ਤੇ ਬ੍ਰਿਟਿਸ਼ ਅਧਿਕਾਰੀ, ਬਹਾ ਦੇ ਚਰਿਤਰ, ਲੋਕਾਂ ਦੇ ਗਿਆਨ ਦੇਣ ਤੇ ਸੁਖੀ ਜੀਵਨ ਲਈ ਕੀਤੀਆਂ ਕੋਸ਼ਿਸ਼ਾਂ ਤੋਂ ਇੰਨੇ ਪ੍ਰਭਾਵਿਤ ਹੋਏ ਕਿ

ਅਪ੍ਰੈਲ 1920 ਵਿਚ ਉਨ੍ਹਾਂ ਨੂੰ ਬ੍ਰਿਟਿਸ਼ ਸਾਮਰਾਜ ਦੀ ਨਾਇਟਹੁਡ ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ।

ਅਬਦੁਲ ਬਹਾ ਆਪਣੀ ਸਤਿਕਾਰਸ਼ੀਲ ਪਰਿਸ਼ਦ ਨਾਲ ਨੇੜੇ ਦੀਆਂ ਵੱਖ ਵੱਖ ਜਾਤੀਆ, ਰੰਗਾਂ, ਦੇਸ਼ਾਂ, ਧਰਮਾਂ ਦੇ ਲੋਕਾਂ ਨੂੰ ਨਾਲ-ਨਾਲ ਏਕਤਾ ਅਤੇ ਸੱਚੀ ਮਿੱਤਰਤਾ, ਨਾਲ ਇਕੱਠਾ ਕਰਕੇ ਖੁਸ਼ ਹੋਏ ਅਤੇ ਇਥੇ ਖੁਸ਼ੀਆਂ ਦੀਆਂ ਕਹਾਣੀਆਂ, ਬੁੱਧੀਮਾਨਤਾ, ਸਲਾਹ ਅਤੇ ਵਖਰੇ-ਵਖਰੇ ਵਿਸ਼ਿਆਂ ਤੇ ਜਾਗਰਤ ਵਾਰਤਾਲਾਪਾਂ ਨਾਲ ਉਨ੍ਹਾਂ ਨੂੰ ਪ੍ਰਕਾਸ਼ਨ ਕੀਤਾ।

ਉਨ੍ਹਾਂ ਦੀਆਂ ਚਾਰੇ ਪਾਸੇ ਕੀਤੀਆਂ ਗਤੀਵਿਧੀਆਂ 20 ਨਵੰਬਰ, 1921 ਨੂੰ ਸੱਤਤਰ (77) ਸਾਲ ਦੀ ਉਮਰ ਵਿਚ ਸ਼ਾਂਤੀ ਪੂਰਨ ਦੀਆਂ ਉਨ੍ਹਾਂ ਦੀ ਆਤਮਾ ਇਕ ਦੋ ਦਿਨ ਵਿਚ ਮੱਧਮ ਪੈਂਦੀ ਹੋਈ ਹੌਲੀ ਹੌਲੀ ਪ੍ਰਮਾਤਮਾ ਵਿਚ ਲੀਨ ਹੋ ਗਈ। ਦੂਜੇ ਦਿਨ ਉਨ੍ਹਾਂ ਦੇ ਅੰਤਿਮ ਸੰਸਕਾਰ ਵਿਚ ਫਿਲਸਤੀਨ ਹਾਈ ਕਮਿਸ਼ਨਰ ਅਤੇ ਜੇਰੂਸਲਮ ਦੇ ਗਵਰਨਰ ਤੋਂ ਲੈ ਕੇ ਹੈਫਾ ਦੇ ਸਭ ਤੋਂ ਗਰੀਬ ਤਕ ਸਾਰੇ ਵਰਗਾਂ ਦੇ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਨੌਂ ਵਕਤਿਆਂ ਨੇ ਜੋ ਕਿ ਮੁਸਲਮਾਨ, ਈਸਾਈ ਅਤੇ ਯਹੂਦੀ ਸੰਪ੍ਰਦਾਵਾਂ ਦੇ ਸਨਮਾਨ ਪ੍ਰਾਪਤ ਪ੍ਰਤੀਨਿਧ ਸਨ, ਉਸ ਸ਼ੁਧ ਅਤੇ ਕੁਲੀਨ ਜੀਵਨ ਦੇ ਪ੍ਰਤੀ ਆਪਣੇ ਪ੍ਰੇਮ ਅਤੇ ਪ੍ਰਸੰਸਾ ਪ੍ਰਭਾਵਕਾਰੀ ਵਿਆਖਿਆਨ ਕੀਤਾ ਜੋ ਹੁਣੇ ਹੁਣੇ ਖਤਮ ਹੋ ਗਿਆ ਸੀ। ਇਹ ਪ੍ਰਮੁੱਖ ਰੂਪ ਵਿਚ ਉਸ ਮਨੁੱਖ ਨੂੰ ਸ਼ਰਧਾਂਜਲੀ ਸੀ ਜਿਸ ਨੇ ਜੀਵਨ ਭਰ ਧਰਮਾਂ, ਜਾਤੀਆਂ, ਭਾਸ਼ਾਵਾਂ ਦੀ ਏਕਤਾ ਦੇ ਲਈ ਮਿਹਨਤ ਕੀਤੀ, ਇਹ

ਸ਼ਰਧਾਂਜਲੀ ਦੇ ਨਾਲ ਨਾਲ ਇਸ ਗਲ ਦਾ ਵੀ ਪ੍ਰਮਾਣ ਸੀ ਕਿ ਉਸ ਦਾ ਜੀਵਨ ਵਿਅਰਥ ਨਹੀਂ ਗਿਆ। ਬਹਾ ਉੱਲਾਹ ਦੇ ਆਦਰਸ਼ ਜੋ ਉਨ੍ਹਾਂ ਦੀ ਪ੍ਰੇਰਣਾ ਹੀ ਨਹੀਂ, ਜੀਵਨ ਦਾ ਸਭ ਕੁਝ ਸਨ, ਦੁਨੀਆਂ ਵਿਚ ਪ੍ਰਗਟ ਹੋਣੇ ਸ਼ੁਰੂ ਹੋ ਗਏ। ਅਤੇ ਉਨ੍ਹਾਂ ਨੇ ਉਨ੍ਹਾਂ ਰੁਕਾਵਟਾਂ ਨੂੰ ਤੋੜਨਾ ਸ਼ੁਰੂ ਕਰ ਦਿੱਤਾ ਸੀ, ਉਨ੍ਹਾਂ ਜਿਨ੍ਹਾਂ ਨੇ ਸਦੀਆਂ ਤੋਂ ਮੁਸਲਮਾਨ, ਈਸਾਈ ਅਤੇ ਯਹੂਦੀਆਂ ਤੇ ਹੋਰ ਵੱਖਰੇ ਵੱਖਰੇ ਗੁਟਾਂ ਜਿਨ੍ਹਾਂ ਵਿਚ ਮਾਨਵਤਾ ਵੰਡੀ ਪਈ ਹੈ, ਦੂਰ ਰਖਿਆ।

ਹੇਠ ਅਬਦੁਲ ਬਹਾ ਦੇ ਨਾਲ ਹੀ ਬਹਾਈ ਧਰਮ ਦੀਆਂ ਤਿੰਨ ਮਹਾਨ ਹਸਤੀਆਂ ਵਿਚੋਂ ਤੀਸਰੀ ਅਤੇ ਅਖੀਰਲੀ ਦਾ ਅੰਤ ਹੋਇਆ।

ਅੰਦੋਲਨ ਦੇ ਅਗਰਦੂਤ ਬਾਬ 1884 ਵਿਚ ਜਿਨ੍ਹਾਂ ਦੇ ਐਲਾਨ ਨਾਲ ਨਵੇਂ ਯੁਗ ਦਾ ਆਰੰਭ ਕੀਤਾ, ਬਹਾਈ ਧਰਮ ਦੇ ਜਨਮਦਾਤਾ ਅਤੇ ਇਸ ਦੀਆਂ ਸਾਰੀਆਂ ਸ਼ਕਤੀਆਂ ਦੇ ਸ਼ਿਰੋਮਣੀ ਨੇਤਾ ਬਹਾ ਉੱਲਾਹ ਅਤੇ ਬਹਾ ਉੱਲਾਹ ਦੇ ਪ੍ਰਤਿਗਿਆ ਪੱਤਰ ਦੇ ਕੇਂਦਰ ਅਬਦੁਲ ਬਹਾ। ਇਹ ਅੰਦੋਲਨ ਜਿਸ ਦੀ ਅੱਜ ਤਕ ਜਨ ਸਾਧਾਰਣ ਨੂੰ ਘਟ ਜਾਣਕਾਰੀ ਸੀ, ਅੱਜ ਪੂਰਬ ਤੇ ਪੱਛਮ ਵਿਚ ਫੈਲ ਚੁੱਕਾ ਸੀ। ਇਸ ਦੇ ਇਤਿਹਾਸ ਦਾ ਪਹਿਲਾਂ ਸਮਾਂ ਖਤਮ ਹੋਇਆ। ਇਕ ਵਖਰੇ ਚਰਿਤਰ ਦੇ ਨਾਲ ਇਕ ਨਵਾਂ ਕਾਲ ਸ਼ੁਰੂ ਹੋਇਆ। ਹੁਣ ਬਹਾਈਆ ਕਾਰਜ ਉਨ੍ਹਾਂ ਦੀ ਸਿਖਿਆਵਾਂ ਨੂੰ ਫੈਲਾਉਣਾ ਅਤੇ ਦੈਵੀ ਆਦੇਸ਼ਾਂ ਦੀ ਸਥਾਪਨਾ

ਕਰਨਾ ਸੀ। ਜਿਸ ਦਾ ਮਤਲਬ ਇਨ੍ਹਾਂ ਸਿਖਿਆਵਾਂ ਦੀ ਅਖੰਡਤਾ ਨੂੰ ਸੁਰੱਖਿਅਤ ਅਤੇ ਅਮਲ ਵਿਚ ਲਿਆਉਣਾ ਸੀ।

ਬਹਾਈ ਸਿੱਖਿਆਵਾਂ

ਬਹਾ ਉੱਲਾਹ ਦੀਆਂ ਸਿੱਖਿਆਵਾਂ ਸੌ ਤੋਂ ਵਧ ਖੰਡਾਂ ਵਿਚ ਲਿਖੀਆਂ ਗਈਆਂ ਹਨ। ਇਕ ਦੈਵੀ ਸੰਦੇਸ਼ ਦੇ ਰਹਿਸ ਦੀ ਅਧਿਆਤਮਕ ਅੰਤਰ ਦ੍ਰਿਸ਼ਟੀ ਤੇ ਸਿਆਣਪ ਭਰੇ ਕਥਨ ਬੇਹਿਸਾਬ ਮੋਤੀ ਪਏ ਹਨ। ਦੁਨੀਆਂ ਦੀ ਵਰਤਮਾਨ ਬੀਮਾਰੀ ਦੀ ਹਾਲਤ ਨੂੰ ਅਰੋਗ ਕਰਨ ਦੇ ਸਮਾਜਿਕ ਸਿਧਾਤਾਂ ਦਾ ਸੰਖੇਪ ਇਸ ਪ੍ਰਕਾਰ ਹੈ।

ਮਨੁੱਖੀ ਜਾਤੀ ਦੀ ਏਕਤਾ

ਬਹਾ ਉੱਲਾਹ ਦੀਆਂ ਸਿੱਖਿਆਵਾਂ ਦਾ ਇਹ ਕੇਂਦਰੀ ਸਿਧਾਂਤ ਹੈ। ਤੁਸੀਂ ਸਭ ਇਕੋ ਦਰਖਤ (ਰੁੱਖ) ਦੇ ਫਲ ਹੋ ਤੇ ਇਕੋ ਟਹਿਣੀ ਦੀਆਂ ਪੱਤੀਆਂ .. ਸੰਸਾਰ ਇਕ ਦੇਸ਼ ਹੈ ਅਤੇ ਮਨੁੱਖ ਜਾਤੀ ਇਸ ਦੇ (ਵਸਨੀਕ) ਨਾਗਰਿਕ ਹਨ.....ਆਦਮੀ ਨੂੰ ਇਸ ਗਲ ਦਾ ਅਭਿਮਾਨ ਨਹੀਂ ਹੋਣਾ ਚਾਹੀਦਾ ਕਿ ਉਹ ਆਪਣੇ ਦੇਸ਼ ਨਾਲ ਪਿਆਰ ਕਰਦਾ ਹੈ ਬਲਕਿ ਇਸ ਗਲ ਦਾ ਅਭਿਮਾਨ ਹੋਣਾ ਚਾਹੀਦਾ ਹੈ ਕਿ ਉਹ ਮਨੁੱਖ ਜਾਤੀ ਨਾਲ ਪਿਆਰ ਕਰਦਾ ਹੈ।

ਅਬਦੁਲ ਬਹਾ ਦੀ ਵਿਆਖਿਆ

''ਇਕੋ ਇਕ ਸਭ ਨਾਲ ਪਿਆਰ ਕਰਨ ਵਾਲਾ, ਰੱਬ, ਆਪਣੀ ਦੈਵੀ ਕਿਰਪਾ ਅਤੇ ਸਹਾਇਤਾ ਨਾਲ ਸਾਰੀ ਮਨੁੱਖ ਜਾਤੀ ਨੂੰ ਪ੍ਰਦਾਨ ਕਰਦਾ ਹੈ, ਸਾਰੇ ਦੇ ਸਾਰੇ ਉਚ ਸੱਤਾ ਦੇ ਸੇਵਕ ਹਨ ਅਤੇ ਉਸ ਦੀਆਂ ਚੰਗਿਆਈਆਂ ਦਯਾ, ਅਤੇ ਪਿਆਰ ਭਰੀ ਦਿਆਲਤਾ ਉਸ ਦੇ ਸਾਰੇ ਜੀਵਾਂ ਦੇ ਲਈ ਹੈ। ਮਨੁੱਖਤਾ ਦੀ ਮਹਿਮਾ ਹਰੇਕ ਮਨੁੱਖ ਦੀ ਵਿਰਾਸਤ ਹੈ।''

''ਸਾਰੇ ਮਨੁੱਖ ਇਕ ਹੀ ਰੁੱਖ ਦੀਆਂ ਪੱਤੀਆਂ ਅਤੇ ਫੁਲ ਹਨ, ਉਹ ਸਾਰੇ ਇਸ ਰੁੱਖ ਦੀਆਂ ਟਹਿਣੀਆਂ ਹਨ, ਉਨ੍ਹਾਂ ਸਾਰੀਆਂ ਦਾ ਮੂਲ ਇਕ ਹੀ ਹੈ। ਸਾਰੀਆਂ ਉਤੇ ਇਕੋ ਹੀ ਵਰਖਾ ਹੁੰਦੀ ਹੈ ਉਹੀ ਸੂਰਜ ਸਭ ਨੂੰ ਸਿਰਜਦਾ ਹੈ, ਉਹੀ ਹਵਾ ਸਭ ਨੂੰ ਤਾਜ਼ਗੀ ਦਿੰਦੀ ਹੈ। ਉਨ੍ਹਾਂ ਨੂੰ ਵਖਰਾ ਕਰਨ ਵਾਲੀਆਂ ਭਿੰਨਤਾਵਾਂ ਬਸ ਇਹ ਹਨ .. ।''

''ਕੁਝ ਸੌ ਰਹੇ ਹਨ, ਉਨ੍ਹਾਂ ਨੂੰ ਜਗਾਉਣ ਦੀ ਜ਼ਰੂਰਤ ਹੈ, ਕੁਝ ਬੀਮਾਰ ਹਨ, ਉਨ੍ਹਾਂ ਦੇ ਇਲਾਜ ਦੀ ਜ਼ਰੂਰਤ ਹੈ। ਕੁਝ ਬੱਚਿਆਂ ਵਾਂਗ ਅਲੱੜ ਨੇ ਉਨ੍ਹਾਂ ਨੂੰ ਸਿਖਾਉਣ ਦੀ ਜ਼ਰੂਰਤ ਹੈ। ਕੋਈ ਵੀ ਬੁਰਾ ਤੇ ਬਦ ਨਹੀਂ ਹੈ। ਸਾਰੇ ਮਨੁੱਖ ਰੱਬ ਦੇ ਸਾਹਮਣੇ ਸਮਾਨ ਹਨ। ਉਹ ਮਨੁੱਖਾਂ ਵਿਚ ਭੇਦ ਨਹੀਂ ਰੱਖਦਾ, ਪ੍ਰਕਿਰਤੀ ਦੇ ਰੂਪ ਵਿਚ ਵੱਖ-ਵੱਖ ਹਨ ਪਰ ਮੂਲ ਤੱਤ ਸਮਾਨ ਹੈ। ਮੂਲ ਦੀ ਏਕਤਾ ਹੈ ਪਰ ਪ੍ਰਗਟਾਓ ਵਿਚ ਵਖਰੇ ਹਨ।''

''ਸਾਰੀਆਂ ਪ੍ਰਾਚੀਨ ਧਾਰਮਿਕ ਸਿੱਖਿਆਵਾਂ ਵਿਚ ਮਨੁੱਖੀ ਜਗਤ ਨੂੰ ਦੋ ਭਾਗਾਂ ਵਿਚ ਵੰਡਿਆ ਦਸਿਆ ਗਿਆ ਹੈ, ਇਕ ਰੱਬ (ਆਰਥਿਕ) ਲੋਕ ਜਾਂ ਸੱਚੇ ਰੁੱਖ ਦੂਜੇ ਨਾਸਤਿਕ ਤੇ ਕਾਫਰ ਲੋਕ ਜਾਂ ਪਾਪੀ ਰੁੱਖ। ਪਹਿਲੀ ਤਰ੍ਹਾਂ ਦੇ ਲੋਕ ਆਸਥਾਵਾਨ ਮੰਨੇ ਗਏ ਅਤੇ ਦੂਜੇ ਅਧਾਰਮਿਕ ਅਤੇ ਨਾਸਤਿਕ ਦਲ ਦੇ ਲੋਕ, ਇਕ ਦੈਵੀ ਕਿਰਪਾ ਪ੍ਰਾਪਤ ਮਾਨਵਤਾ ਦੇ ਅੰਸ਼ ਅਤੇ ਦੂਜੇ ਜਗਤ ਸਿਰਜਣਾ ਦੇ ਗੁੱਸੇ ਦੇ ਭਾਗੀ .... ਬਹਾ ਉੱਲਾਹ ਨੇ ਮਨੁੱਖਤਾ ਤੇ ਸੰਸਾਰ ਦੀ ਏਕਤਾ ਦਾ ਐਲਾਨ ਕਰਦਿਆਂ ਹੋਇਆਂ ਇਸ ਦਾ ਨਿਵਾਰਨ ਕੀਤਾ।

''ਰੱਬ ਦੀ ਏਕਤਾ ਅਤੇ ਧਰਮ ਦੀ ਏਕਤਾ''

ਬਹਾ ਉੱਲਾਹ ਦੇ ਅਨੁਸਾਰ ਸੰਸਾਰ ਵਿਚ ਕੇਵਲ ਇਕ ਹੀ ਧਰਮ ਰਿਹਾ ਹੈ ਅਤੇ ਇਕ ਹੀ ਹੋ ਸਕਦਾ ਹੈ। ਇਕ ਹੀ ਰੱਬ ਹੈ ਜਿਸ ਤਰ੍ਹਾਂ ਕਿ ਸਭ ਐਲਾਨ ਕਰਦੇ ਹਨ ਅਤੇ ਇਕ ਹੀ ਰੱਬ ਦੀ ਭਗਤੀ, ਪਿਆਰ ਅਤੇ ਸੇਵਾ ਹੀ ਧਰਮ ਹੈ। ਮਹਾਨ ਧਾਰਮਿਕ ਸੰਪ੍ਰਦਾਇਕ ਅਤੇ ਸਮਰਥਾ ਦਾ ਐਸਾ ਰੂਪ ਤਿਆਰ ਕੀਤਾ ਜਿਨ੍ਹਾਂ ਲਈ ਉਨ੍ਹਾਂ ਨੇ ਅਵਤਾਰ ਲਿਆ। ਹਰ ਇਕ ਨੇ ਸਿੱਖਿਆ ਅਤੇ ਮਨੁੱਖਤਾ ਨੂੰ ਉੱਚਾ ਚੱਕਣ ਲਈ ਆਪਣੀ ਭੂਮਿਕਾ ਨਿਭਾਈ, ਲੇਕਿਨ ਕਿਸੇ ਨੇ ਵੀ ਅੰਤਿਮ ਪ੍ਰਗਟਾਵਾ ਨਹੀਂ ਕੀਤਾ। ਸੱਚ ਅੰਤਿਮ ਹੈ ਅਤੇ ਸੀਮਤ ਮਨੁੱਖੀ ਦਿਮਾਗਾਂ ਦੇ ਲਈ ਸਮਝ ਆਉਣ ਵਾਲੀ ਸੀਮਤ ਮਨੁੱਖੀ ਭਾਸ਼ਾ ਵਿਚ ਕੀਤਾ ਗਿਆ। ਕੋਈ ਵੀ ਰਹਸ ਦਾ ਪ੍ਰਗਟਾ ਪੂਰਨ ਜਾਂ ਅੰਤਿਮ ਨਹੀਂ ਹੋ ਸਕਦਾ ਕਿ ਹਰੇਕ

ਪੈਗੰਬਰੀ ਪ੍ਰਗਟਾ ਦਾ ਉਪਦੇਸ਼ ਮਨੁੱਖਾਂ ਦੇ ਦਿਲਾਂ ਅਤੇ ਦਿਮਾਗਾਂ ਦੇ ਅਗਲੇ ਉੱਚੇ ਪ੍ਰਗਟਾ ਲਈ ਤਿਆਰ ਕਰਨਾ ਹੈ। ਸਾਰੇ ਪੈਗੰਬਰਾਂ ਦੇ ਪ੍ਰਤੀ ਸ਼ਰਧਾ ਸੱਚੇ ਧਰਮ ਦਾ ਆਧਾਰ ਅਤੇ ਮਨੁਖ ਜਾਤੀ ਵਿਚ ਏਕਤਾ ਲਿਆਉਣ ਦਾ ਪ੍ਰਮੁੱਖ ਸਾਧਨ ਹੈ। ਆਪਣੀ ਵਸੀਅਤ ਅਤੇ ਵਿਧਾਨ ਵਿਚ ਬਹਾ ਉੱਲਾਹ ਕਹਿੰਦੇ ਹਨ।

"ਓ ਦੁਨੀਆਂ ਦੇ ਲੋਕੋ। ਰੱਬ ਦਾ ਧਰਮ ਪਿਆਰ ਅਤੇ ਏਕਤਾ ਦੇ ਲਈ ਹੈ, ਇਸ ਨੂੰ ਦੁਸ਼ਮਣੀ ਅਤੇ ਸੰਘਰਸ਼ ਦਾ ਕਾਰਨ ਨਾ ਬਣਾਓ .....ਉਮੀਦ ਜਾਗਰਿਤ ਹੈ ਕਿ ਬਹਾ ਦੇ ਲੋਕੀ ਕਦੀ ਪਵਿੱਤਰ ਸ਼ਬਦਾਂ ਵਲ ਤੇ ਆਉਣਗੇ, ਦੇਖੋ ਸਾਰੇ ਰੱਬ ਦੇ ਬੰਦੇ ਹਨ।" ਸਾਰੇ ਸ਼ੁੱਭਨੀਕ ਸ਼ਬਦ ਜੋ ਕਿ ਪਾਣੀ ਦੇ ਸਮਾਨ ਦਿਲ ਅਤੇ ਛਾਤੀ 'ਚ ਸੁਲਗ ਰਹੀ ਹੈ ਈਰਖਾ ਅਤੇ ਦਵੈਖ ਦੀ ਅੱਗ ਨੂੰ ਬੁਝਾ ਦੇਣਗੇ। ਇਸ ਸਰਲ ਸ਼ਬਦ ਦੇ ਨਾਲ ਸੰਸਾਰ ਦੇ ਵੱਖ-ਵੱਖ ਰਾਸਤੇ ਵਾਸਤਵਿਕ ਏਕਤਾ ਦਾ ਪ੍ਰਕਾਸ਼ ਪੈਦਾ ਕਰਨਗੇ।

ਧਰਮਾਂ ਦੇ ਬਾਹਰੀ ਰੂਪ ਕਲੀ, ਫੁੱਲ ਅਤੇ ਫਲ ਵਰਗੇ ਸਮੇਂ ਸਮੇਂ ਤੇ ਜ਼ਰੂਰ ਬਦਲਦੇ ਹਨ। ਲੇਕਿਨ ਇਨ੍ਹਾਂ ਸਾਰਿਆਂ ਬਾਹਰੀ ਬਦਲਣ ਦੇ ਮਾਧਿਅਮ ਵਿਚੋਂ ਇਕੋ ਇਕ ਜੀਵਨ ਜ਼ਿਆਦਾ ਪੂਰਨ ਅਤੇ ਪ੍ਰਗਟਾਓ ਪ੍ਰਾਪਤ ਕਰਦਾ ਹੈ।

ਸੱਚ ਦੀ ਖੋਜ

ਸਾਨੂੰ ਰੱਬ ਵਲੋਂ ਪ੍ਰਾਪਤ ਮਨ, ਸ਼ਕਤੀਆਂ ਦਾ ਇਸਤੇਮਾਲ ਨਿਡਰ ਅਤੇ ਨਿਰਪੱਖ ਦਿਮਾਗ ਨਾਲ ਸੱਚ ਦੀ ਖੋਜ ਲਈ ਜ਼ਰੂਰ ਕਰਨਾ ਚਾਹੀਦਾ ਹੈ।

ਅਬਦੁੱਲ ਬਹਾ ਦੀ ਸਿੱਖਿਆ ਹੈ

" .....ਕਿਸੇ ਨੂੰ ਵੀ ਆਪਣੇ ਵੱਡਿਕਾਂ ਨੂੰ ਅੰਨੇਵਾਹ ਨਹੀਂ ਮੰਨਣਾ ਚਾਹੀਦਾ। ਸਭ ਨੂੰ ਆਪਣੀਆਂ ਖੁਦ ਦੀਆਂ ਅੱਖਾਂ ਨਾਲ ਵੇਖਣ: ਚਾਹੀਦਾ ਹੈ। ਆਪਣੇ ਹੀ ਕੰਨਾਂ ਨਾਲ ਸੁਣਨਾ ਚਾਹੀਦਾ ਅਤੇ ਸੱਚ ਨੂੰ ਖੁਦ ਸਮਝਣਾ ਚਾਹੀਦਾ ਹੈ।..... ਜੇ ਸਿਰਫ ਮਨੁੱਖ ਸੱਚ ਨੂੰ ਲਭ ਲਏਗਾ ਤੇ ਉਹ ਆਪਣੇ ਆਪ ਨੂੰ ਏਕਤਾ ਵਿਚ ਜੁੜਿਆ ਪਾਏਗਾ।..... ਸੱਚ ਦੀ ਪ੍ਰਾਪਤੀ ਕਰਨ ਲਈ ਸਾਨੂੰ ਆਪਣੇ ਵਡਿਕਾਂ, ਆਪਣੀਆਂ ਛੁੱਟੀਆਂ ਧਾਰਨਾਵਾਂ ਦਾ ਤਿਆਗ ਕਰਨਾ ਪਵੇਗਾ, ਇਕ ਖੁਲ੍ਹਾ ਅਤੇ ਗ੍ਰਹਿਣ ਕਰਨ ਵਾਲੇ ਦਿਮਾਗ ਦੀ ਲੋੜ ਹੈ। ਵਿਗਿਆਨ ਨੂੰ ਸਵੀਕਾਰ ਕਰਨਾ ਪਏਗਾ। ਕੋਈ ਵੀ ਸੱਚ ਦੂਜੇ ਸੱਚ ਦਾ ਵਿਰੋਧ ਨਹੀਂ ਹੋ ਸਕਦਾ। ਪ੍ਰਕਾਸ਼ ਚਾਹੇ ਤਾਂ ਉਹ ਕਿਸੇ ਵੀ ਦੀਵੇ ਵਿਚ ਪ੍ਰਕਾਸ਼ਤ ਹੋ ਕੇ ਸ਼ੁਭ ਹੋ ਸਕਦਾ ਹੈ।

ਪ੍ਰਾਚੀਨ ਹੱਠਧਰਮੀਆਂ ਦਾ ਤਿਆਗ

ਪ੍ਰਾਚੀਨ ਹੱਠਧਰਮੀਆਂ ਅਤੇ ਅੰਧਵਿਸ਼ਵਾਸਾਂ ਵਲੋਂ ਅੱਲਾਨ ਹੋਣ ਦੇ ਸਾਰੇ ਪ੍ਰਕਾਰ ਦੇ ਪੂਰਨ ਅਨੁਮਾਨ ਫਲਦੇ ਫੁਲਦੇ ਹਨ। ਜੰਗ ਅਤੇ ਮਨੁੱਖਤਾ ਦੇ ਸਰੀਰ ਵਿਚ ਅਸਮਾਨਤਾ ਦੇ ਸਭ ਤੋਂ ਵਧ ਅਣਸੁਖਾਵੇਂ ਕਾਰਨ ਹਨ। ਧਰਮ, ਜਾਤੀ, ਵਰਗ, ਦੇਸ਼, ਰੰਗ, ਸੁਭਾ ਦੇ ਪੂਰਵ ਅਨੁਮਾਨ ਮਨੁੱਖ ਜਾਤੀਆਂ ਦੇ ਵੱਖ-ਵੱਖ ਗੁੱਟਾਂ ਅਤੇ ਗੁੱਟਾਂ ਦੇ ਵੀ ਅਗੇ ਕਈ ਗੁੱਟਾਂ ਵਿਚ ਵੰਡਦੇ ਹਨ, ਅਤੇ ਦੇਸ਼ਾਂ, ਵਰਗ ਸਿਧਾਂਤਾਂ

ਰਾਜਨੀਤਕ ਦਲਾਂ ਦੇ ਵਿਚਕਾਰ ਸੰਘਰਸ਼ ਪੈਦਾ ਕਰਦੇ ਹਨ। ਮਨੁੱਖ ਜਾਤੀ ਦੀ ਏਕਤਾ ਦੇ ਪ੍ਰਤੀ ਜਾਗਰਣ ਹੀ ਇਨ੍ਹਾਂ ਸਭ ਵੰਡਿਕਾਂ ਦਾ ਸਮਾਪਨ ਹੈ, ਇਸ ਸਮਾਪਨ ਦਾ ਬੇਸਬਰੀ ਨਾਲ ਇੰਤਜਾਰ ਹੈ। ਅਬਦੁਲ ਬਹਾ ਨੇ ਕਿਹਾ, "ਆਦਮੀ ਵਿਚ ਵਿਧਮਾਨ ਇਕੋ ਇਕ ਭੇਦ ਹੈ, ਰੱਬ ਦੇ ਕਾਨੂੰਨਾਂ ਪ੍ਰਤੀ ਵਿਸ਼ਵਾਸ ਦੀ ਮਾਤਰਾ ਦਾ ਘੱਟ ਹੋਣਾ..... ਸਾਨੂੰ ਸਾਰਿਆਂ ਨੂੰ ਇਕ ਰੱਬ ਦੇ ਸੇਵਕ ਦੇ ਰੂਪ ਵਿਚ ਮੰਨਣਾ ਚਾਹੀਦਾ ਹੈ। ਜ਼ਿਆਦਾ ਤੋਂ ਜ਼ਿਆਦਾ ਕੁਝ ਅਗਿਆਨੀ ਹਨ, ਉਨ੍ਹਾ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਕੁਝ ਬੱਚਿਆਂ ਦੇ ਸਮਾਨ ਹਨ, ਉਨ੍ਹਾਂ ਨੂੰ ਉਨ੍ਹਾਂ ਦੀ ਪੱਕਿਆਂ ਹੋਣ ਵਿਚ ਸਹਾਇਤਾ ਕਰਨੀ ਚਾਹੀਦੀ ਹੈ .....।"

ਜਿਥੋਂ ਤਕ ਜਾਤੀ ਦੇ ਵਡਿਕਾਂ ਦਾ ਸਵਾਲ ਹੈ, ਇਹ ਇਕ ਭਰਮ ਹੈ, ਇਕ ਸ਼ੁਧ ਅਤੇ ਸਾਧਾਰਣ ਅੰਧ ਵਿਸ਼ਵਾਸ ਕਿਉਂਕਿ ਰੱਬ ਨੇ ਸਾਨੂੰ ਸਭ ਨੂੰ ਇਕ ਜਾਤੀ ਦੇ ਰੂਪ ਵਿਚ ਬਣਾਇਆ ਹੈ। .... ਸਾਰੇ ਪਾਸੇ ਆਦਮ ਦੇ ਰੁੱਖ 'ਚੋਂ ਫੁਟ ਕੇ ਨਿਕਲੇ ਹਨ... ਅਤੇ ਸਾਰੇਦੇਸ਼ ਇਸ ਦੀਆਂ ਟਾਹਣੀਆਂ ਦੇ ਸਮਾਨ ਹਨ। ਜਦੋਂ ਕਿ ਸਾਰੇ ਮਨੁੱਖ ਇਸ ਦੀਆਂ ਪੱਤੀਆਂ, ਫੁਲ ਅਤੇ ਫਲ ਦੇ ਸਮਾਨ ਹਨ।

ਸਾਰੀ ਮਨੁੱਖ ਜਾਤੀ ਲਈ ਸਿੱਖਿਆ

ਬਹਾ ਉੱਲਾਹ ਨੇ ਸਾਰਿਆਂ ਲਈ ਸਿੱਖਿਆ ਦੇ ਮਹੱਤਵ ਤੇ ਜ਼ੋਰ ਦਿੱਤਾ ਹੈ। ਕੁੜੀਆਂ ਦੀ ਸਿੱਖਿਆ ਮੁੰਡਿਆਂ ਦੀ ਸਿੱਖਿਆ ਤੋਂ ਵੱਧ ਮਹੱਤਵਪੂਰਨ ਹੈ ਕਿਉਂਕਿ ਭਵਿੱਖ ਵਿਚ ਮਾਤਾ

ਦੇ ਰੂਪ ਵਿਚ ਅਗਲੀ ਪੀੜ੍ਹੀ ਦੀ ਪਹਿਲੀ ਅਧਿਆਪਕ (ਗੁਰੂ) ਇਹੀ ਹੋਏਗੀ। ਬਚੇ ਹਰੀਆਂ ਅਤੇ ਨਰਮ ਟਾਹਣੀਆਂ ਸਮਾਨ ਹੁੰਦੇ ਹਨ, ਜੇ ਪਹਿਲੀ ਸਿੱਖਿਆ ਠੀਕ ਹੋਵੇਗੀ ਤਾਂ ਹੀ ਉਸਦਾ ਸਿੱਧਾ ਵਿਕਾਸ ਹੋਵੇਗਾ। ਪਹਿਲੀ ਸਿੱਖਿਆ ਗਲਤ ਹੋਣ ਤੇ ਵਿਕਾਸ ਵੀ ਗਲਤ ਹੁੰਦਾ ਹੈ ਅਤੇ ਮਨੁੱਖੀ ਜੀਵਨ—ਅੰਤ ਤਕ ਪਹਿਲੇ ਸਾਲਾਂ ਦੀ ਸਿਖਿਆ ਤੋਂ ਪ੍ਰਭਾਵਿਤ ਰਹਿੰਦਾ ਹੈ। ਸਿੱਖਿਆ ਦਾ ਸਭ ਤੋਂ ਮਹੱਤਵਪੂਰਨ ਪੱਖ ਧਾਰਮਿਕ ਸਿੱਖਿਆ ਅਤੇ ਮਨੁੱਖ ਦੀ ਦੁਨੀਆਂ ਅਤੇ ਮਨੁੱਖਤਾ ਦੀ ਸੇਵਾ ਦੇ ਉਪਯੋਗੀ ਬਣਾਉਣਾ ਹੈ। ਇਸ ਲਈ ਜ਼ਰੂਰੀ ਧਾਰਮਿਕ ਸਿੱਖਿਆ ਕਾਫੀ ਮਹੱਤਵਪੂਰਨ ਹੈ। ਰੱਬ ਦੇ ਪੈਗੰਬਰ ਮਨੁੱਖ ਜਾਤੀ ਦੇ ਮਹਾਨ ਅਧਿਆਪਕ ਹਨ ਅਤੇ ਉਨ੍ਹਾਂ ਦੀ ਰਾਏ ਅਤੇ ਜੀਵਨ ਦੀ ਕਹਾਣੀ ਬੱਚੇ ਦੇ ਦਿਮਾਗ ਵਿਚ ਬਿਠਾ ਦੇਣੀ ਚਾਹੀਦੀ ਹੈ, ਜਦੋਂ ਉਹ ਇਸ ਨੂੰ ਸਮਝਣ ਯੋਗ ਹੋ ਜਾਏ। ਕਲਾ, ਵਿਗਿਆਨ, ਸ਼ਿਲਪਕਾਰੀ ਅਤੇ ਜ਼ਰੂਰੀ ਧੰਦਿਆਂ ਵਿਚ ਸਿਖਲਾਈ ਮਹੱਤਵਪੂਰਣ ਹੈ।

"ਗਿਆਨ ਵਧਾਉਣਾ ਸਭ ਦਾ ਧਰਮ ਹੈ, ਪਰ ਕੇਵਲ ਉਨ੍ਹਾਂ ਹੀ ਵਿਗਿਆਨ ਦਾ ਜੋ ਧਰਤੀ ਦੇ ਲੋਕਾਂ ਦੇ ਲਈ ਲਾਭਦਾਇਕ ਹੋ ਸਕੇ। ਐਸੇ ਵਿਗਿਆਨਾਂ ਦਾ ਨਹੀਂ ਜੋ ਕੇਵਲ ਸਦਾ ਸ਼ਬਦਾਂ ਵਿਚ ਸ਼ੁਰੂ ਹੋ ਕੇ ਸ਼ਬਦਾਂ ਵਿਚ ਹੀ ਖਤਮ ਹੋ ਜਾਂਦੇ ਹਨ।

(ਪੁਰਸ਼ ਅਤੇ ਇਸਤਰੀ) ਦਾ ਸਮਾਜ ਵਿਚ ਸਮਾਨ ਸਥਾਨ :

ਬਹਾਈ ਸਿੱਖਿਆ ਦੇ ਅਨੁਸਾਰ (ਇਸਤਰੀਆਂ) ਅਧਿਆਤਮਿਕ ਦ੍ਰਿਸ਼ਟੀ ਤੋਂ ਆਦਮੀ ਦੇ ਸਮਾਨ ਹਨ ਅਤੇ ਉਨ੍ਹਾਂ ਨੂੰ

ਸਮਾਨ ਅਧਿਕਾਰ ਅਤੇ ਵਿਸ਼ੇਸ਼ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ।

ਅਬਦੁੱਲ ਬਹਾ ਕਹਿੰਦੇ ਹਨ :—

"ਮਨੁੱਖਤਾ ਇਕ ਪੰਛੀ ਦੇ ਸਮਾਨ ਹੈ ਜਿਸ ਦੇ ਦੋ ਖੰਭ ਹਨ; ਇਕ ਨਰ ਦੂਜਾ ਨਾਰੀ। ਜਦੋਂ ਤਕ ਦੋਵੇਂ ਖੰਭ ਪੱਕੇ ਅਤੇ ਕਿਸੇ ਸਮਾਨ ਸ਼ਕਤੀ ਵਲੋਂ ਪ੍ਰੇਰਿਤ ਨਹੀਂ ਹੁੰਦੇ, ਪੰਛੀ ਅਸਮਾਨ ਵਲ ਉਡ ਨਹੀਂ ਸਕੇਗਾ। ਇਸ ਯੁੱਗ ਦੀ ਭਾਵਨਾ ਦੇ ਅਨੁਸਾਰ ਜ਼ਨਾਨੀਆਂ ਨੂੰ ਜ਼ਰੂਰ ਪ੍ਰਗਤੀ ਕਰਨੀ ਚਾਹੀਦੀ ਹੈ ਅਤੇ ਜੀਵਨ ਦੇ ਸਾਰੇ ਖੇਤਰਾਂ ਵਿਚ ਆਪਣੇ ਮਿਸ਼ਨ ਨੂੰ ਪੂਰਾ ਕਰਨਾ ਚਾਹੀਦਾ ਹੈ, ਆਦਮੀ ਵਾਂਗ ਬਣਨਾ ਚਾਹੀਦਾ ਹੈ। ਉਸ ਨੂੰ ਆਦਮੀ ਦੇ ਸਮਾਨ ਸਤਰ ਤੇ ਹੋਣਾ ਚਾਹੀਦਾ ਅਤੇ ਉਨ੍ਹਾਂ ਨੂੰ ਸਮਾਨ ਅਧਿਕਾਰ ਮਿਲਣੇ ਚਾਹੀਦੇ ਹਨ। ਇਹੀ ਮੇਰੀ ਸੱਚੀ ਅਰਦਾਸ ਹੈ, ਅਤੇ ਇਹ ਬਹਾ ਉੱਲਾਹ ਦੇ ਮੂਲ ਸਿਧਾਂਤਾਂ ਵਿਚੋਂ ਇਕ ਹੈ।"

"ਕੁਝ ਮਸਲਿਆਂ ਵਿਚ ਜ਼ਨਾਨੀਆਂ ਆਦਮੀਆਂ ਤੋਂ ਵੇਹਤਰ ਹਨ। ਉਹ ਆਮ ਕਰਕੇ ਜ਼ਿਆਦਾ ਨਰਮ ਦਿਲ ਦੀਆਂ ਹੁੰਦੀਆਂ ਹਨ, ਉਸ ਨਾਲੋਂ ਵਧ ਗ੍ਰਹਿਣ ਸ਼ੀਲ ਹੁੰਦੀਆਂ ਹਨ। ਉਨ੍ਹਾਂ ਦਾ ਸਹਿਜ ਗਿਆਨ ਵਧ ਹੈ..... ਜ਼ਿੰਦਗੀ ਦੀਆਂ ਜ਼ਰੂਰਤਾਂ ਦੇ ਸਬੰਧ ਵਿਚ ਉਹ ਆਦਮੀ ਦੀ ਤੁਲਨਾ ਵਿਚ ਵਧ ਸ਼ਕਤੀਸ਼ਾਲੀ ਹੈ . . ਕਿਉਂਕਿ ਉਹ (ਆਦਮੀ) ਆਪਣੇ ਅਸਤਿਤਵ ਦੇ ਲਈ ਉਸ (ਜ਼ਨਾਨੀ) ਦਾ ਰਿਣੀ ਹੈ।"

"ਜੇਕਰ ਮਾਂ ਪੜ੍ਹੀ ਲਿਖੀ ਹੋਈ ਹੈ ਤਾਂ ਉਸਦੇ ਬੱਚੇ ਵੀ ਚੰਗੀ ਤਰ੍ਹਾਂ ਪੜ੍ਹੇ ਹੋਣਗੇ। ਜੇ ਮਾਂ ਬੁੱਧੀ ਵਾਲੀ ਹੋਵੇਗੀ ਤਾਂ ਬੱਚੇ ਵੀ ਬੁੱਧੀ ਵਾਲੇ ਰਾਹ ਤੇ ਚਲਣਗੇ। ਜੇ ਮਾਂ ਧਾਰਮਿਕ ਹੋਵੇਗੀ ਤੇ ਉਹ ਆਪਣੇ ਬਚਿਆਂ ਨੂੰ ਰੱਬ ਨਾਲ ਪਿਆਰ ਕਰਨਾ ਸਿਖਾਵੇਗੀ। ਜੇ ਮਾਂ ਨੈਤਿਕ ਸੂਝਾ ਵਾਲੀ ਹੋਵੇਗੀ, ਉਹ ਆਪਣੇ ਬਚਿਆਂ ਨੂੰ ਈਮਾਨਦਾਰੀ ਦੇ ਰਾਹ ਤੇ ਚਲਣਾ ਸਿਖਾਏਗੀ।"

(ਸੰਸਾਰ ਵਿਆਪੀ/ਸਰਵ ਵਿਆਪੀ)

ਇਕ ਸਰਬ ਸਾਂਝੀ ਸਹਾਇਕ ਭਾਸ਼ਾ :—

ਮਨੁੱਖ ਜਾਤੀ ਦੀ ਏਕਤਾ ਦੇ ਅਗਲੇ ਸਥਾਨ ਦੇ ਰੂਪ ਵਿਚ ਬਹਾ ਉੱਲਾਹ ਇਕ ਅੰਤਰ ਰਾਸ਼ਟਰੀ ਭਾਸ਼ਾ ਕਬੂਲ ਕਰਨ ਦਾ ਆਦੇਸ਼ ਦਿੰਦੇ ਹਨ। ਉਹਨਾਂ ਦੀ ਰਾਏ ਹੈ ਕਿ ਦੇਸ਼ :

"ਜਾਂ ਤੇ ਵਰਤਮਾਨ ਭਾਸ਼ਾਵਾਂ ਵਿਚੋਂ ਕੋਈ ਇਕ ਚੁਣ ਲਵੇ ਜਾਂ ਇਕ ਨਵੀਂ ਭਾਸ਼ਾ ਸ਼ੁਰੂ ਕਰੀਏ ਅਤੇ ਇਸੇ ਤਰ੍ਹਾਂ ਇਕ ਸਮਾਨ ਲਿਪੀ ਕਬੂਲ ਕਰੀਏ, ਸੰਸਾਰ ਦੇ ਸਾਰੇ ਸਕੂਲਾਂ ਵਿਚ ਬੱਚਿਆਂ ਨੂੰ ਉਸੇ ਦੀ ਸਿੱਖਿਆ ਦੇਈਏ, ਜਿਸ ਨਾਲ ਸੰਸਾਰ ਇਕ ਭੂਮੀ ਅਤੇ ਇਕ ਘਰ ਬਣ ਸਕੇ।

ਹਰੇਕ ਬੱਚੇ ਨੂੰ ਆਪਣੀ ਮਾਤ੍ਰੀ ਭਾਸ਼ਾ ਦੇ ਨਾਲ ਨਾਲ ਸਰਬ ਸਾਂਝੀ ਭਾਸ਼ਾ ਸਿਖਣੀ ਚਾਹੀਦੀ ਹੈ।

ਸੇਵਾ ਹੀ ਪੂਜਾ ਹੈ, ਕਿ ਭਾਵਨਾ ਨਾਲ ਕਾਰਜ ਕਰਨਾ :

ਬਹਾਈ ਦੇ ਕਾਰਜ ਧਾਰਮਿਕ ਫਰਜ਼ ਹੈ । ਕੋਈ ਵੀ ਬੇਕਾਰ (ਵਿਹਲਾ) ਅਮੀਰ ਜਾਂ ਬੇਕਾਰ ਗਰੀਬ ਨਹੀਂ ਹੋਣਾ ਚਾਹੀਦਾ । ਸਾਰਿਆਂ ਨੂੰ ਜਨ-ਕਲਿਆਣ ਦੇ ਲਈ ਜਿਥੋਂ ਤਕ ਹੋ ਸਕੇ ਸਭ ਤੋਂ ਉਚੀ ਸੇਵਾ ਕਰਨੀ ਚਾਹੀਦੀ ਹੈ ।

ਅਬਦੁੱਲ ਬਹਾ ਕਹਿੰਦੇ ਹਨ :—

"ਬਹਾਈ ਧਰਮ ਵਿਚ ਕਲਾਵਾਂ, ਵਿਗਿਆਨਾਂ ਅਤੇ ਸਾਰੇ ਸ਼ਿਲਪਾਂ ਦੀ ਗਿਣਤੀ ਪੂਜਾ ਦੇ ਰੂਪ ਵਿਚ ਕੀਤੀ ਜਾਂਦੀ ਹੈ । ਉਹ ਆਦਮੀ ਜੋ ਆਪਣੀ ਉਚ-ਯੋਗਤਾ ਨਾਲ ਲਿਖਣ ਵੇਲੇ ਕਾਗਜ਼ ਦਾ ਇਕ ਟੁਕੜਾ ਤਿਆਰ ਕਰਦਾ ਹੈ ਅਤੇ ਪੂਰੇ ਫਰਜ਼ ਨਾਲ ਆਪਣੀ ਪੂਰੀ ਸ਼ਕਤੀ ਲਗਾ ਕੇ ਇਸ ਨੂੰ ਪੂਰਿਆਂ ਕਰਦਾ ਹੈ । ਉਹ ਰੱਬ ਦੀ ਉਸਤਤ ਕਰਦਾ ਹੈ । ਆਪਣੇ ਸਾਰੇ ਦਿਲ ਨਾਲ ਮਨੁੱਖ ਵਲੋਂ ਕੀਤੀ ਗਈ ਕੋਸ਼ਿਸ਼ ਅਤੇ ਮਿਹਨਤ ਹੀ ਪੂਜਾ ਹੈ। ਜੇ ਉਹ ਉਚੇ ਕਾਰਜਾਂ ਅਤੇ ਮਨੁੱਖਤਾ ਦੀ ਸੇਵਾ ਕਰਨ ਦੀ ਇੱਛਾ ਤੋਂ ਪ੍ਰੇਰਿਤ ਹੈ ।"

ਬਹਾ ਉੱਲਾਹ ਕਹਿੰਦੇ ਹਨ :

"ਬੇਕਾਰੀ ਅਤੇ ਆਲਸ ਵਿਚ ਆਪਣਾ ਸਮਾਂ ਨਾ ਗਵਾਓ ਅਤੇ ਆਪਣੇ ਆਪ ਨੂੰ ਐਸੇ ਕਾਰਜਾਂ ਵਿਚ ਲਗਾਓ ਜਿਸ ਨਾਲ

ਤੁਹਾਨੂੰ ਅਤੇ ਤੁਹਾਡੇ ਤੋਂ ਇਲਾਵਾ ਹੋਰ ਲੋਕਾਂ ਨੂੰ ਲਾਭ ਹੋਵੇ..... ਰੱਬ ਦੇ ਸਾਹਮਣੇ ਸਭ ਤੋਂ ਅਪਮਾਨਤ (ਨੀਚ) ਆਦਮੀ ਉਹ ਹੈ ਜੋ ਬੈਠਾ ਰਹਿੰਦਾ ਹੈ ਅਤੇ ਭਿਖਿਆ ਮੰਗਦਾ ਰਹਿੰਦਾ ਹੈ ।"

ਅੱਜ ਦਾ ਅਖਉਤ (ਤਥਾ-ਕਥਿਤ) "ਕੰਮ" ਮਨੁੱਖਤਾ ਦੇ ਲਈ ਕਿੰਨਾ ਲਾਭਕਾਰੀ ਹੈ ਜਾਂ ਅਸਲ ਵਿਚ ਹਾਨੀਕਾਰਕ ਹੈ— ਸਿਰਫ ਸਸਤਾ ਖਰੀਦਣਾ ਅਤੇ ਮਹਿੰਗਾ ਵੇਖਣਾ, ਜਾਂ ਆਪਣੀ ਬੁੱਧੀ ਦਾ ਇਸਤੇਮਾਲ, ਦੂਜੇ ਦੀ ਜੇਬ ਤੋਂ ਧੰਨ (ਪੈਸਾ) ਕਢ ਕੇ ਆਪਣੀ ਜੇਬ ਵਿਚ ਪਾਉਣ ਲਈ ਕਰਨਾ, ਮਿਲੇ ਲਾਭ ਦੇ ਬਦਲੇ ਕੋਈ ਜ਼ਰੂਰੀ ਸੇਵਾ ਕੀਤੇ ਬਿਨਾਂ । ਜੇ ਸਭ ਕੋਲ ਕੰਮ ਹੁੰਦਾ ਅਤੇ ਸਭ ਕੰਮ ਕਰਦੇ, ਚਾਹੇ ਉਹ ਦਿਮਾਗੀ ਹੋਵੇ ਜਾਂ ਹੱਥ ਦਾ ਹੋਵੇ, ਮਨੁੱਖਤਾ ਦੇ ਲਈ ਲਾਭਕਾਰੀ ਹੋਵੇਗਾ ਜਿਸ ਤਰ੍ਹਾਂ ਕਿ ਬਹਾ ਉੱਲਾਹ ਆਂਦੇਸ਼ ਦਿੰਦੇ ਹਨ, ਤਾਂ ਇਹ ਸਭ ਲਈ ਤੰਦਰੁਸਤ ਅਰਾਮਦਾਇਕ ਅਤੇ ਕੁਲੀਨ ਜ਼ਿੰਦਗੀ ਜੀਣ ਦੇ ਲਈ ਕਾਈ ਹੁੰਦਾ ਹੈ ।

ਖੁਸ਼ਹਾਲੀ ਅਤੇ ਗਰੀਬੀ ਦੀ ਅਤ ਦਾ ਅੰਤ :—

ਪੈਰਿਸ ਵਿਚ ਆਪਣੇ ਭਾਸ਼ਣ ਵਿਚ.....

ਅਬਦੁੱਲ ਬਹਾ ਨੇ ਕਿਹਾ :—

"ਲੋਕਾਂ ਦੀਆਂ ਪਰਿਸਥਿਤੀਆਂ ਦੇ ਪ੍ਰਬੰਧ ਇਸ ਤਰ੍ਹਾਂ ਹੋਣੇ ਚਾਹੀਦੇ ਹਨ ਕਿ ਗਰੀਬੀ ਖਤਮ ਹੋ ਜਾਏ .... ਅਸੀਂ ਵੇਖਦੇ ਹਾਂ ਕਿ ਸਾਡੇ ਵਿਚ ਕੁਝ ਐਸੇ ਲੋਕ ਹਨ ਜੋ ਜ਼ਿਆਦਾ ਅਮੀਰ ਹਨ,

ਦੂਜੇ ਪਾਸੇ ਕੁਝ ਅਭਾਗੇ ਲੋਕ ਹਨ ਜੋ ਅਣਹੋਂਦ ਵਿਚ ਭੁੱਖੇ ਮਰਦੇ ਹਨ.....ਇਸ ਤਰ੍ਹਾਂ ਦੀ ਸਥਿਤੀ ਗਲਤ ਹੈ ਅਤੇ ਇਸ ਦਾ ਸੁਧਾਰ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਐਸੇ ਲੋਕਾਂ ਵਿਚ ਨਿਰਪੱਖ ਸਮਾਨਤਾ ਲਿਆ ਕੇ ਨਹੀਂ ਕੀਤਾ ਜਾ ਸਕਦਾ। ਸਮਾਨਤਾ ਇਕ ਗਲਤ ਘੜਤ ਹੈ। ਇਹ ਪੂਰੀ ਤਰ੍ਹਾਂ ਗੈਰ ਅਮਲੀ ਹੈ। ਜੇ ਇਹ ਮਿਲ ਵੀ ਜਾਵੇ ਤਾਂ ਵੀ ਜਾਰੀ ਰਹਿ ਸਕਦਾ..... ਇਸ ਤਰ੍ਹਾਂ ਦੀ ਸਥਿਤੀ ਤੇ ਕਾਬੂ ਰੱਖਣ ਲਈ ਅਤੇ ਇਸ ਵਿਚ ਇਹ ਸੁਧਾਰ ਕਰਨ ਦੇ ਲਈ ਸੰਗਠਨ (ਇੱਕਠ) ਜ਼ਰੂਰੀ ਹੈ। ਧੰਨ ਨੂੰ ਸੀਮਤ ਕਰਨ ਦੀ ਜ਼ਰੂਰਤ ਹੈ .... ਜੇ ਅਸੀਂ ਵੇਖਦੇ ਹਾਂ ਕਿ ਗਰੀਬੀ ਨੂੰ ਸੀਮਿਤ ਕਰਨਾ ਜ਼ਰੂਰੀ ਹੈ। ਇਸੇ ਤਰ੍ਹਾਂ ਦੀ ਅੱਤ ਠੀਕ ਨਹੀਂ ਹੈ... ਜੇ ਅਸੀਂ ਦੇਖਦੇ ਹਾਂ ਕਿ ਗਰੀਬੀ ਨੂੰ ਭੁੱਖਮਰੀ ਦੀ ਸਥਿਤੀ ਤਕ ਪਹੁੰਚਾ ਦਿੱਤਾ ਗਿਆ ਹੈ, ਤੇ ਇਹ ਇਸਦਾ ਨਿਸ਼ਚਿਤ ਸੰਕੇਤ ਹੈ ਕਿ ਕਿਤੇ ਨਾ ਕਿਤੇ ਸਾਨੂੰ ਤਾਨਾਸ਼ਾਹੀ (ਅਭਿਆਚਾਰ) ਮਿਲੇਗੀ। ਲੋਕਾਂ ਨੂੰ ਇਸ ਕਾਰਜ ਵਿਚ ਆਪਣੇ ਆਪ ਨੂੰ ਜ਼ਰੂਰ ਲਾਉਣਾ ਚਾਹੀਦਾ ਹੈ, ਅਤੇ ਐਸੀ ਪਰਸਥਿਤੀਆਂ ਦੇ ਬਦਲਣ ਵਿਚ ਦੇਰ ਨਹੀਂ ਕਰਨੀ ਚਾਹੀਦੀ, ਜਿਸ ਨਾਲ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੂੰ ਕਸ਼ਟਦਾਇਕ ਗਰੀਬੀ ਦਾ ਦੁੱਖ ਪ੍ਰਾਪਤ ਹੁੰਦਾ ਹੈ। ਧਨਾਢਾਂ ਨੂੰ ਆਪਣੇ ਧੰਨ ਦੀ ਬਹੁਲਤਾ ਦਾ ਤਿਆਗ ਕਰਨਾ ਚਾਹੀਦਾ ਹੈ, ਉਨ੍ਹਾਂ ਨੂੰ ਆਪਣੇ ਦਿਲਾਂ ਨੂੰ ਨਰਮ ਬਣਾਉਣਾ ਚਾਹੀਦਾ ਅਤੇ ਹਮਦਰਦੀ ਭਰੀ ਬੌਧਿਕਤਾ ਪੈਦਾ ਕਰਨੀ ਚਾਹੀਦੀ ਹੈ, ਅਤੇ ਉਨ੍ਹਾਂ ਦੁਖੀ ਲੋਕਾਂ ਦਾ ਵਿਚਾਰ ਕਰਨਾ ਚਾਹੀਦਾ ਹੈ ਜੋ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਦੇ ਘਾਟੇ ਨਾਲ ਗ੍ਰਸਤ ਹਨ। ਇਹੋ

ਜਿਹੇ ਵਿਸ਼ੇਸ਼ ਕਾਨੂੰਨ ਬਣਾਉਣੇ ਚਾਹੀਦੇ ਹਨ, ਜਿਸ ਵਿਚ ਸਮ੍ਰਿੱਧੀ ਅਤੇ ਗਰੀਬੀ ਦੀ ਅੱਤ ਉਤੇ ਵਿਚਾਰ ਕੀਤਾ ਗਿਆ ਹੋਵੇ। ਦੇਸ਼ ਦੀਆਂ ਸਰਕਾਰਾਂ ਨੂੰ ਉਸ ਦੈਵੀ ਕਾਨੂੰਨ ਦਾ ਪਾਲਨ ਕਰਨਾ ਚਾਹੀਦਾ ਹੈ ਜੋ ਸਾਰਿਆਂ ਨੂੰ ਸਮਾਨ ਨਿਆਂ ਦਿੰਦਾ ਹੈ।"

ਸਨਅਤਾਂ ਵਿਚ ਸਹਿਕਾਰਿਤਾ :

1912 ਵਿਚ ਜਦੋਂ ਉਹ ਸੰਯੁਕਤ ਰਾਸ਼ਟਰ ਵਿਚ ਸਨ, ਅਬਦੁਲ ਬਹਾ ਨੇ ਅਮਰੀਕੀ ਲੋਕਾਂ ਨੂੰ ਕਿਹਾ :—

"1860 ਅਤੇ 1865 ਦੇ ਵਿਚਕਾਰ ਆਪ ਨੇ ਇਕ ਚਮਤਕਾਰੀ ਕਾਰਜ ਕੀਤਾ, ਆਪ ਨੇ ਚਲ ਸੰਪਤੀ ਵਾਲੀ ਗੁਲਾਮੀ ਨੂੰ ਖਤਮ ਕੀਤਾ, ਪਰ ਅੱਜ ਤੁਹਾਨੂੰ ਇਕ ਹੋਰ ਵਧੇਰਾ ਚਮਤਕਾਰੀ ਕਾਰਜ ਕਰਨਾ ਪਵੇਗਾ .... ਤੁਹਾਨੂੰ ਸਨਅਤੀ ਦੀ ਗੁਲਾਮੀ ਨੂੰ ਹਟਾਉਣਾ ਪਵੇਗਾ.....ਆਰਥਿਕ ਸਮੱਸਿਆ ਦਾ ਸਮਾਧਾਨ ਪੂੰਜੀ ਦੇ ਵਿਰੁੱਧ ਕੰਮ ਅਤੇ ਕੰਮ ਦੇ ਵਿਰੁੱਧ ਪੂੰਜੀ ਦੀ ਵਯੂਹ ਰਚਨਾ ਤੋਂ ਹੜਤਾਲ ਅਤੇ ਸੰਘਰਸ਼ ਨਾਲ ਨਹੀਂ ਹੋ ਸਕਦਾ ਬਲਕਿ ਇਹ ਦੋਵੇਂ ਪੱਖਾਂ ਨੇ ਆਪਣੇ ਵਲੋਂ ਸਦਭਾਵਨਾ ਭਰੇ ਦ੍ਰਿਸ਼ਟੀਕੋਣ ਨਾਲ ਹੀ ਹੋ ਸਕਦਾ ਹੈ। ਉਦੋਂ ਹੀ ਇਕ ਵਾਸਤਵਿਕ ਅਤੇ ਸਥਾਈ ਪਰਿਸਥਿਤੀਆਂ ਦੇ ਭਰਮਾਰ ਦੀ ਸਥਿਤੀ ਪ੍ਰਾਪਤ ਕੀਤੀ ਜਾ ਸਕੇਗੀ।"

"ਕਰਮਚਾਰੀ ਨੂੰ ਸਿਰਫ ਮਜ਼ਦੂਰੀ ਹੀ ਨਹੀਂ ਮਿਲਣੀ ਚਾਹੀਦੀ, ਬਲਕਿ ਉਨ੍ਹਾਂ ਦੀ ਹਰੇਕ ਕਾਰਜ ਵਿਚ ਭਾਗੀਦਾਰੀ ਹੋਣੀ

ਚਾਹੀਦੀ ਹੈ.....ਸੰਪੱਤੀਆਂ, ਖਾਨਾਂ ਅਤੇ ਕਾਰਖਾਨਿਆਂ ਦੇ ਮਾਲਕਾਂ ਨੂੰ ਕਰਮਚਾਰੀਆਂ ਨੂੰ ਆਪਣੀ ਆਮਦਨ (ਕਮਾਈ) ਵਿਚੋਂ ਹਿੱਸਾ ਦੇਣਾ ਚਾਹੀਦਾ ਹੈ ਅਤੇ ਆਪਣੇ ਲਾਭ ਦਾ ਕੁਝ ਪ੍ਰਤੀਸ਼ਤ ਆਪਣੇ ਕਰਮਚਾਰੀਆਂ ਨੂੰ ਦੇਣਾ ਚਾਹੀਦਾ, ਜਿਸ ਨਾਲ ਕਰਮਚਾਰੀ ਆਪਣੀ ਮਜ਼ਦੂਰੀ ਤੋਂ ਇਲਾਵਾ ਕਾਰਖਾਨੇ ਦੀ ਸਮਾਨ ਆਮਦਨ ਵਿਚੋਂ ਕੁਝ ਹਿੱਸਾ ਪ੍ਰਾਪਤ ਕਰ ਸਕੇ। ਜਿਸ ਨਾਲ ਕਰਮਚਾਰੀ ਮਨ ਲਗਾ ਕੇ ਕੰਮ ਕਰਨ ਲਈ ਮਿਹਨਤ ਕਰੇ।"

ਧਰਮ ਅਤੇ ਵਿਗਿਆਨ ਦੀ ਇਕਸੁਰਤਾ :

ਧਰਮ ਅਤੇ ਵਿਗਿਆਨ ਸੱਚ ਦੇ ਦੋ ਰਾਹ ਹਨ ਅਤੇ ਇਸ ਵਿਚ ਇਕਸੁਰਤਾ ਹੋਣੀ ਚਾਹੀਦੀ ਹੈ। ਦੋਵੇਂ ਪ੍ਰਗਤੀਸ਼ੀਲ ਹਨ, ਵਿਗਿਆਨ ਤਫ਼ਤੀਸ਼ ਦੇ ਮਾਧਿਅਮ ਨਾਲ ਧਰਮ (ਅਗਮ-ਗਿਆਨ) ਦੈਵੀ ਸੰਦੇਸ਼ ਦੇ ਮਾਧਿਅਮ (ਇਲਹਾਮ) ਨਾਲ ਜਿਵੇਂ ਜਿਵੇਂ ਆਦਮੀ ਦੀ ਸਮਰਥਾ ਵਧਦੀ ਜਾਂਦੀ ਹੈ ਧਰਮ ਅਤੇ ਵਿਗਿਆਨ ਨੇੜੇ ਤੋਂ ਨੇੜੇ ਹੁੰਦੇ ਜਾਂਦੇ ਹਨ, ਧਰਮ ਤਰਕ ਨਾਲ ਪ੍ਰਮਾਣਿਕ ਹੁੰਦਾ ਹੈ ਅਤੇ ਤਰਕ ਨਾਲ ਧਰਮ ਦੀ ਪੁਸ਼ਟੀ ਹੁੰਦੀ ਹੈ। ਅਬਦੁਲ ਬਹਾ ਨੇ ਪੈਰਿਸ ਵਿਚ ਕਿਹਾ :

"ਧਰਮ ਅਤੇ ਵਿਗਿਆਨ ਦੋ ਐਸੇ ਖੰਭ ਹਨ ਜਿਨ੍ਹਾਂ ਦੇ ਮਾਧਿਅਮ ਰਾਹੀਂ ਮਨੁੱਖ ਦੀ ਬੌਧਿਕਤਾ ਉਚਾਈਆਂ ਪ੍ਰਾਪਤ ਕਰ ਸਕਦੀ ਹੈ, ਜਿਸ ਦੇ ਨਾਲ ਮਨੁੱਖੀ ਆਤਮਾ ਪ੍ਰਗਤੀ ਕਰ ਸਕਦੀ ਹੈ। ਇਕ ਖੰਭ ਨਾਲ ਉਡਣਾ ਸੰਭਵ ਨਹੀਂ ਹੈ। ਜੇ ਮਨੁੱਖ ਇਕੋ

ਧਰਮ ਦੇ ਖੰਭ ਨਾਲ ਉਡਣ ਦੀ ਕੋਸ਼ਿਸ਼ ਕਰੇਗਾ ਤੇ ਉਹ ਜਲਦੀ ਹੀ ਅੰਧ ਵਿਸ਼ਵਾਸੀ ਦੇ ਦਲਦਲ ਵਿਚ ਜਾ ਡਿੱਗੇਗਾ ਜਦੋਂ ਕਿ ਦੂਜੇ ਪਾਸੇ ਸਿਰਫ ਵਿਗਿਆਨ ਦੇ ਖੰਭ ਦੇ ਨਾਲ ਵੀ ਕੋਈ ਪ੍ਰਗਤੀ ਨਹੀਂ ਕਰ ਸਕੇਗਾ ਬਲਕਿ ਉਹ ਭੌਤਿਕਵਾਦ ਦੀ ਨਿਰਾਸ਼ਾਵਾਦੀ ਦਲਦਲ ਵਿਚ ਜਾ ਫਸੇਗਾ।"

"ਰੱਬ ਨੇ ਧਰਮ ਅਤੇ ਵਿਗਿਆਨ ਨੂੰ ਸਾਡੀ ਸਮਝ ਮਾਪ-ਦੰਡ ਦੇ ਰੂਪ ਵਿਚ ਬਣਾਇਆ ਹੈ। ਧਿਆਨ ਰੱਖਣਾ ਕਿ ਕਿਤੇ ਐਸੀ ਚਮਤਕਾਰੀ ਸ਼ਕਤੀ ਵੱਲ ਧਿਆਨ ਨਾ ਦਈਏ। ਸਾਰੀਆਂ ਚੀਜ਼ਾਂ ਨੂੰ ਉਸ ਤਕੜੀ ਵਿਚ ਤੋਲੋ.....

"ਆਪਣੇ ਸਾਰੇ ਵਿਸ਼ਵਾਸਾਂ ਨੂੰ ਵਿਗਿਆਨ ਦੇ ਨਾਲ ਸਮਾਨਤਾ ਪੂਰਨ ਬਣਾਓ, ਕੋਈ ਵੀ ਵਿਰੋਧ ਸੰਭਵ ਨਹੀਂ ਹੈ ਕਿਉਂਕਿ ਸੱਚ ਇਕ ਹੈ। ਜੇ ਧਰਮ ਆਪਣੇ ਅੰਧਵਿਸ਼ਵਾਸੀ ਪਰੰਪਰਾਵਾਂ ਅਤੇ ਅਵੈਧਿਕ ਕਟੜਪੰਥੀਆਂ ਨੂੰ ਇਕ ਪਾਸੇ ਕਰਕੇ ਆਪਣੇ ਵਿਗਿਆਨ ਦੀ ਪੁਸ਼ਟੀ ਕਰਦਾ ਹੈ ਤੇ ਦੁਨੀਆਂ ਵਿਚ ਇਕ ਮਹਾਨ ਏਕਤਾ ਪੈਦਾ ਕਰਨ ਵਾਲੀ, ਸੰਧਨ ਸ਼ਕਤੀ ਹੋਵੇਗੀ ਜੋ ਕਿ ਆਪਣੇ ਸਾਹਮਣੇ ਦ੍ਰਿਸ਼ਮਾਨ ਸਾਰੀਆਂ ਲੜਾਈਆਂ, ਅਸਿਹਮਤੀਆਂ, ਝਗੜਿਆਂ ਅਤੇ ਸੰਘਰਸ਼ਾਂ ਦਾ ਸਮਾਪਨ ਕਰ ਦੇਵੇਗੀ ਅਤੇ ਉਦੋਂ ਮਨੁਖ ਜਾਤੀ ਰੱਬ ਦੇ ਪਿਆਰ ਦੀ ਸ਼ਕਤੀ ਵਿਚ ਇਕ ਹੋ ਜਾਵੇਗੀ।"

ਸਿਰਜਨਾਤਮਕ ਜੀਵਨ :

ਬਾਕੀ ਸਾਰੇ ਪੈਗੰਬਰਾਂ ਵਾਂਗ ਬਹਾ ਉ ਲਾਹ ਚੰਗੇ ਚਰਿਤਰ

ਤੇ ਆਧਾਰਿਤ (ਸਿਰਜਨਾਤਮਕ) ਜੀਵਨ ਦੀ ਸਿੱਖਿਆ ਦਿੰਦੇ ਹਨ। (ਮਨੁੱਖਾਂ) ਇਨਸਾਨਾਂ ਲਈ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਗੁਣਵਤਾ ਦਾ ਅੰਦਾਜ਼ਾ ਉਨ੍ਹਾਂ ਦੇ ਪੁੱਤਰ ਨੂੰ ਦਿੱਤੇ ਉਨ੍ਹਾਂ ਨਿਰਦੇਸ਼ਾਂ ਤੋਂ ਲਾਇਆ ਜਾ ਸਕਦਾ ਹੈ।

"(ਖੁਸ਼ਹਾਲੀ) ਵਿਚ ਉਦਾਰ ਬਣੋ ਅਤੇ ਅਮੀਰੀ (ਗਰੀਬੀ) ਵਿਚ ਨਿਸ਼ਠਾਵਾਨ ਬਣੋ। ਆਪਣੇ ਗੁਆਂਢੀ ਦੇ ਵਿਸ਼ਵਾਸ ਪਾਤਰ ਬਣੋ ਅਤੇ ਉਸ ਨਾਲ ਖੁਸ਼ ਹੋ ਕੇ ਮਿੱਤਰਤਾ ਵਾਲਾ ਵਿਵਹਾਰ ਕਰੋ। ਗਰੀਬਾਂ ਦਾ ਖਜ਼ਾਨਾ ਬਣੋ, ਧਨਾਢਾਂ ਲਈ ਚੇਤਾਵਨੀ ਬਣੋ, ਜ਼ਰੂਰਤਮੰਦਾਂ ਦੀ ਪੁਕਾਰ ਤੇ ਸਹਾਇਕ ਬਣੋ, ਵਚਨ ਦੀ ਪਵਿੱਤਰਤਾ ਦੇ ਰੱਖਿਅਕ ਬਣੋ। ਆਪਣੇ ਨਿਰਣੇ ਵਿਚ ਨਿਆਂਵਾਦੀ ਅਤੇ ਭਾਸ਼ਣ (ਬੋਲੀ) ਵਿਚ ਹਲੀਮੀ ਵਰਤੋ। ਕਿਸੇ ਵੀ ਮਨੁੱਖ ਦੇ ਪ੍ਰਤੀ ਅਨਿਆਂਪੂਰਵਕ ਨਾ ਬਣੋ ਅਤੇ ਸਾਰੇ ਲੋਕਾਂ ਦੇ ਪ੍ਰਤੀ ਨਿਮਰਤਾ ਦਾ ਵਿਆਖਿਆਨ ਕਰੋ। ਹਨੇਰੇ ਵਿਚ ਰਹਿ ਕੇ ਲੋਕਾਂ ਦੇ ਲਈ ਰੋਸ਼ਨੀ ਬਣੋ, ਦੁਖੀ ਆਦਮੀ ਲਈ ਆਨੰਦ ਬਣੋ, ਪਿਆਸੇ ਦੇ ਲਈ ਸਮੁੰਦਰ ਬਣੋ, ਮੁਸ਼ਕਿਲ ਵਿਚ ਪਏ ਆਦਮੀ ਦਾ ਸਹਾਰਾ ਬਣੋ, ਅਤਿਆਚਾਰ ਦੇ ਸ਼ਿਕਾਰ ਆਦਮੀ ਦੇ ਸਾਥੀ (ਸਮਰਥਕ) ਤੇ ਰੱਖਿਅਕ ਬਣੋ। ਸੱਚੀ ਨਿਸ਼ਠਾ ਅਤੇ ਇਮਾਨਦਾਰੀ ਤੁਹਾਡੇ ਸਾਰੇ ਕਾਰਜਾਂ ਵਿਚ ਝਲਕਣੀ ਚਾਹੀਦੀ ਹੈ। ਅਜਨਬੀ ਦੇ ਲਈ ਘਰ ਬਣੋ, ਕਸ਼ਟਾਂ ਲਈ ਦਵਾਈ ਬਣੋ, ਦੇਸ਼ਾਂ ਦੇ ਬਣੋ ਸ਼ਰਨਾਰਥੀਆਂ ਲਈ ਸ਼ਕਤੀ ਦਾ ਥੰਮ ਬਣੋ। ਅੰਨੇ ਦੀਆਂ ਅੱਖਾਂ ਬਣੋ, ਗੁਮਰਾਹ ਆਦਮੀ ਦੇ ਲਈ ਮਾਰਗ ਦਰਸ਼ਨ ਬਣੋ। ਸੱਚ ਦੇ ਮੁੱਖ ਦੇ ਗਹਿਣੇ ਬਣੋ, ਫਰਜ਼ ਦੀ ਨਿਸ਼ਠਾ ਤੇ ਸਿਰ ਦਾ ਤਾਜ ਬਣੋ, ਧਰਮ ਦੇ

ਸਮੁੰਦਰ ਦਾ ਸ਼ੰਖ ਬਣੋ, ਮਨੁੱਖ ਜਾਤੀ ਦੇ ਸਰੀਰ ਦਾ ਜੀਵਨ-ਹਵਾ ਬਣੋ, ਨਿਆਂ ਦੇ ਦਲਾਂ ਦਾ ਝੰਡਾ ਬਣੋ, ਸਦਗੁਣ ਦੇ ਕਿਸ ਹੱਦੋਂ ਦੇ ਪ੍ਰਕਾਸ਼ਗ੍ਰਹਿਣ ਬਣੋ, ਮਨੁੱਖੀ ਹਿਰਦੇ ਦੀ ਮਿੱਟੀ ਤੇ ਕ੍ਰੇਲ-ਤੁਪਕਾ ਬਣੋ, ਗਿਆਨ ਦੇ ਸਮੁੰਦਰ ਦੀ ਬੇੜੀ ਬਣੋ, ਉਦਾਰਤਾ ਦੇ ਆਸਮਾਨ ਦਾ ਸੂਰਜ ਬਣੋ, ਸਿਆਣਪ ਦੇ ਤਾਜ ਦਾ ਰਤਨ ਬਣੋ। ਆਪਣੀ ਪੀੜ੍ਹੀ ਦੇ ਆਸਮਾਨ ਤੇ ਚਮਕਦੇ ਪ੍ਰਕਾਸ਼ ਬਣੋ, ਨਿਮਰਤਾ ਦੇ ਰੁੱਖ ਦੇ ਫਲ ਬਣੋ। ਨਾ ਤੇ ਜੀਵਨ ਦੇ ਕੁਝ ਨਿਯਮਾਂ ਦੇ ਪ੍ਰਤੀ ਅਨੁਕੂਲਤਾ ਨਾਲ ਅਤੇ ਨਾਹੀ ਸਿੱਖਿਆਵਾਂ ਨੂੰ ਬੌਧਿਕ ਰੂਪ ਵਿਚ ਸਵੀਕਾਰ ਕਰਨ ਨਾਲ ਕੋਈ ਆਦਮੀ ਵਾਸਤਵਿਕ ਬਹਾਈ ਬਣ ਜਾਂਦਾ ਹੈ। ਰੱਬ ਨੂੰ ਸੰਪੂਰਨ ਹਿਰਦੇ ਤੋਂ ਪੂਰਨ ਸਮਰਪਣ ਵੱਧ ਤੋਂ ਵਧ ਜ਼ਰੂਰੀ ਹੈ। ਉਸ ਦੇ ਬਿਨਾਂ ਧਰਮ ਆਪਣਾ ਜੀਵਨ ਗੁਆ ਦਿੰਦਾ ਹੈ ਅਤੇ ਇਕ ਮੋਇਆ ਰੂਪ ਬਣ ਜਾਂਦਾ ਹੈ।

ਅਬਦੁਲ ਬਹਾ ਲਿਖਦੇ ਹਨ :—

"ਉਹ ਸੱਚਾ ਬਹਾਈ ਹੈ ਜੋ ਮਨੁੱਖੀ ਉੱਧਮ ਦੇ ਰਾਹ ਤੇ ਅਗੇ ਵਧਣ ਲਈ ਦਿਨ ਰਾਤ ਯਤਨ ਕਰਦਾ ਰਹਿੰਦਾ ਹੈ, ਜਿਸ ਦੇ ਹਿਤ ਦੀ ਇੱਛਾ ਦੁਨੀਆਂ ਨੂੰ ਸਮ੍ਰਿੱਧ ਬਣਾਉਣ ਅਤੇ ਪ੍ਰਕਾਸ਼ਮਈ ਕਰਨ ਦੇ ਲਈ ਜੀਣ ਦੇ ਕਾਰਜ ਕਰਨ ਦੀ ਹੈ, ਜਿਸ ਦੀ ਪ੍ਰੇਰਣਾ ਦੀ ਥਾਂ ਦੈਵੀ ਪੂਰਨਤਾ ਦਾ ਸਾਰ ਹੈ। ਜਿਸ ਦੇ ਜੀਵਨ ਦਾ ਮੰਤਵ ਅਨੰਤ ਪ੍ਰਗਤੀ ਦਾ ਕਾਰਨ ਬਣਨ ਦੇ ਲਈ ਕੋਸ਼ਿਸ਼ਾਂ ਕਰਨ ਦਾ ਹੈ। ਜਦੋਂ ਉਹ ਇਸ ਤਰ੍ਹਾਂ ਦੇ ਸੰਪੂਰਨ ਦਾਤ ਨੂੰ ਖੋਜ ਲੈਂਦਾ ਹੈ ਉਦੋਂ ਇਹ ਕਿਹਾ ਜਾ ਸਕਦਾ ਹੈ ਕਿ ਉਹ ਬਹਾਈ ਹੈ।

ਮੌਤ ਤੋਂ ਬਾਦ ਜੀਵਨ :

ਇਹ ਵਿਸ਼ਵਾਸ ਹੈ ਕਿ ਸਰੀਰ ਦੇ ਪਿਛੋਂ ਆਤਮਾ ਜੀਉਂਦੀ ਰਹਿੰਦੀ ਹੈ, ਸਾਰੇ ਧਰਮਾਂ ਦੀ ਵਿਸ਼ੇਸ਼ਤਾ ਹੈ। ਬਹਾ ਉੱਲਾਹ ਸਿੱਖਿਆ ਦਿੰਦੇ ਹਨ ਕਿ ਆਤਮਾ ਵਲੋਂ ਸਰੀਰ ਦਾ ਤਿਆਗ ਕਰ ਦਿੱਤੇ ਜਾਣ ਤੇ ਜੀਵਨ ਅਧਿਆਤਮਿਕ ਸੰਸਾਰ ਵਿਚ ਸਥਾਪਿਤ ਰਹਿੰਦਾ ਹੈ। ਉਹ ਇਸ ਭੌਤਿਕ ਜਗਤ ਵਿਚ ਫਿਰ ਤੋਂ ਵਾਪਸ ਨਹੀਂ ਆਉਂਦਾ।

ਜਿਸ ਤਰ੍ਹਾਂ ਬੱਚਾ ਆਪਣੀ ਮਾਂ ਦੀ ਕੁੱਖ ਵਿਚ ਵੇਖਣ ਤੇ ਸੁਣਨ ਦੀ ਸ਼ਕਤੀ ਦਾ ਵਿਕਾਸ ਕਰਦਾ ਹੈ ਜਿਸਦਾ ਕਿ ਉਹ ਪੈਦਾ ਹੋਣ ਦੇ ਬਾਦ ਵਰਤੋਂ ਕਰ ਸਕੇ, ਠੀਕ ਇਸੇ ਤਰ੍ਹਾਂ ਇਸ ਧਰਤੀ ਤੇ ਅਸੀਂ ਐਸੇ ਗੁਣਾਂ ਨੂੰ ਪ੍ਰਾਪਤ ਕਰਦੇ ਹਾਂ ਜਿਸਦੀ ਅਸੀਂ ਅਗਲੇ ਲੋਕ ਵਿਚ ਵਰਤੋਂ ਕਰ ਸਕਾਂਗੇ। ''ਸਵਰਗ'' ਆਤਮਾ ਦੀ ਅਵਸਥਾ ਹੈ ਜਿਸ ਨੇ ਦੈਵੀ ਆਦੇਸ਼ਾਂ ਦੇ ਅਨੁਸਾਰ ਇਸ ਧਰਤੀ ਤੇ ਆਪਣਾ ਜੀਵਨ ਬਤੀਤ ਕਰ ਲਿਆ ਹੈ ਅਤੇ ਜਿਸਨੇ ਅਗਲੇ ਸੰਸਾਰ ਵਿਚ ਸੰਪੂਰਨ ਜੀਵਨ ਜੀਣ ਦੇ ਲਈ ਇਕ ਜ਼ਰੂਰੀ ਯੋਗਤਾਵਾਂ ਵਿਕਸਿਤ ਕਰ ਦਿੱਤੀ ਹੈ, ''ਨਰਕ'' ਉਸ ਆਤਮਾ ਦੀ ਅਵਸਥਾ ਹੈ ਜਿਸ ਨੇ ਇਸ ਸੰਸਾਰ ਵਿਚ ਦੈਵੀ ਆਦੇਸ਼ਾਂ ਨੂੰ ਠੁਕਰਾਇਆ ਹੈ, ਅਤੇ ਜੋ ਅਗਲੀ ਦੁਨੀਆਂ ਇਸ ਲਈ ਜ਼ਰੂਰੀ ਯੋਗਤਾਵਾਂ ਤੋਂ ਵਾਂਝਾ ਹੈ।

ਇਸ ਧਰਤੀ ਨੂੰ ਛੱਡ ਦੇਣ ਤੇ ਆਤਮਾ ਦੀ ਪ੍ਰਗਤੀ ਅਨੰਤ

ਤਕ ਜਾਰੀ ਰਹਿੰਦੀ ਹੈ। ਰੱਬ ਦੀ ਉਦਾਰਤਾ ਦੇ ਕਾਰਨ ਉਹ ਲੋਕ ਜੋ ਅਵਿਕਸਿਤ ਅਵਸਥਾ ਵਿਚ ਇਸ ਧਰਤੀ ਦਾ ਤਿਆਗ ਕਰਦੇ ਹਨ, ਉਨ੍ਹਾਂ ਨੂੰ ਦੂਜੇ ਸੰਸਾਰ ਵਿਚ ਦੈਵੀ ਗੁਣ ਪ੍ਰਦਾਨ ਕੀਤੇ ਜਾ ਸਕਦੇ ਹਨ। ਮਰਨ ਤੋਂ ਬਾਅਦ ਆਤਮਾ ਦੀ ਪ੍ਰਗਤੀ ਵਿਚ ਸਾਡੀ ਅਰਦਾਸ ਸਹਾਇਕ ਹੈ ਜਿਵੇਂ ਕਿ ਸਾਡੀ ਸਹਾਇਤਾ ਉਨ੍ਹਾਂ ਲੋਕਾਂ ਦੀ ਅਰਦਾਸ ਨਾਲ ਹੁੰਦੀ ਹੈ, ਜੋ ਮਰ ਚੁੱਕੇ ਹਨ।

ਮਰਨ ਤੋਂ ਬਾਦ ਜੀਵਨ ਦੇ ਸਬੰਧ ਵਿਚ ਬਹਾ ਉੱਲਾਹ ਦੀਆਂ ਕੁਝ ਸਿੱਖਿਆਵਾਂ ਹਨ।

ਉਹ ਕਹਿੰਦੇ ਹਨ :

''ਇਸ ਤੋਂ ਪਰ੍ਹੇ ਦਾ ਸੰਸਾਰ ਇਸ ਸੰਸਾਰ ਤੋਂ ਉਸੇ ਤਰ੍ਹਾਂ ਭਿੰਨ ਹੈ ਜਿਸ ਤਰ੍ਹਾਂ ਇਹ ਸੰਸਾਰ ਮਾਂ ਦੀ ਕੁੱਖ ਵਿਚ ਬਿਰਾਜਮਾਨ ਬੱਚੇ ਦੇ ਸੰਸਾਰ ਤੋਂ ਭਿੰਨ ਹੈ। ਜਦੋਂ ਆਤਮਾ ਰੱਬ ਦੀ ਸੱਤਾ ਪ੍ਰਾਪਤ ਕਰ ਲਏਗੀ। ਉਦੋਂ ਇਹ ਸਭ ਤੋਂ ਉਚ ਲਗਨ ਵਾਲੀ ਅਮਰਤਾ ਪ੍ਰਾਪਤ ਕਰ ਲਏਗੀ ਅਤੇ ਆਪਣੇ ਅਲੌਕਿਕ ਅਸਥਾਨ ਵਲ ਤੁਰ ਪਏਗੀ ਮੌਤ ਤੋਂ ਬਾਦ ਆਤਮਾ ਦੇ ਰੂਪ ਦੀ ਕਦੀ ਵੀ ਵਿਆਖਿਆ ਨਹੀਂ ਕੀਤੀ ਜਾ ਸਕਦੀ, ਨਾ ਹੀ ਇਹ ਆਪਣੇ ਸੰਪੂਰਨ ਚਰਿੱਤਰ ਦੇ ਮਨੁੱਖਾਂ ਦੀਆਂ ਅੱਖਾਂ ਦੇ ਸਾਹਮਣੇ ਆ ਸਕੇਗੀ।''

ਇਕ ਵਿਸ਼ਵ ਰਾਸ਼ਟਰ ਮੰਡਲ :

ਬਹਾ ਉੱਲਾਹ ਦੇ ਸਿਰਲੇਖਾਂ ਵਿਚੋਂ ਦਿਤੇ ਗਏ ਇਕ ਅੰਸ਼ ਦੀ ਰਾਣੀ ਵਿਕਟੋਰੀਆ ਦੇ ਸਾਹਮਣੇ ਵਿਆਖਿਆ ਕਰਨ ਲਈ ਧਰਮ ਦੇ ਰੱਖਿਅਕ ਨੇ ਲਿਖਿਆ ਹੈ :

"ਜੇ ਇਹ ਵਜ਼ਨਦਾਰ ਸ਼ਬਦ ਦੁਨੀਆਂ ਦੇ ਸਾਰੇ ਦੇਸ਼ਾਂ ਦੇ ਭਾਵੀ ਰਾਸ਼ਟਰ ਮੰਡਲ ਦੇ ਨਿਰਮਾਣ ਦੇ ਲਈ ਚਿਹਨਿਤ ਪਹਿਲੇ ਕਾਰਜ ਦੇ ਰੂਪ ਵਿਚ ਸੁਤੰਤਰ ਰਾਸ਼ਟਰੀ ਸਰਬ ਸੱਤਾਵਾਨ ਵਿਚ ਵਿਸ਼ੇਸ਼ ਕਟੌਤੀ ਵਲ ਸੰਕੇਤ ਨਹੀਂ ਕਰਦੇ ਤੇ ਫਿਰ ਕਿਸ ਗੱਲ ਤੇ ਜ਼ੋਰ ਦਿੰਦੇ ਹਨ ? ਇਕੋ ਤਰ੍ਹਾਂ ਦੇ ਸੰਸਾਰ ਵਿਚ ਅੰਤਰ-ਰਾਜੀ ਵਿਕਾਸ ਕੀਤੇ ਜਾਣ ਦੀ ਜ਼ਰੂਰਤ ਹੈ। ਜਿਸਦੇ ਸਮਰਥਨ ਵਿਚ ਸੰਸਾਰ ਦੇ ਸਾਰੇ ਦੇਸ਼ ਜੰਗ ਕਰਨ ਦਾ ਹਰੇਕ ਦਾਵਾ, ਕਰ ਲਾਉਣ ਦੇ ਕੁਝ ਅਧਿਕਾਰ ਅਤੇ ਆਪਣੇ-ਆਪਣੇ ਰਾਜ ਵਿਚ ਆਂਤਰਿਕ ਸ਼ਾਂਤੀ ਬਣਾਏ ਰਖਣ ਲਈ ਜ਼ਰੂਰੀ ਹਥਿਆਰਾਂ ਨੂੰ ਛੱਡ ਕੇ ਹਥਿਆਰਾਂ ਨੂੰ ਰੱਖਣ ਦੇ ਸਾਰੇ ਅਧਿਕਾਰ ਆਪਣੀ ਇੱਛਾ ਨਾਲ ਅਰਪਿਤ ਕਰ ਚੁੱਕੇ ਹੋਣਗੇ। ਇਸ ਤਰ੍ਹਾਂ ਦੇ ਰਾਜ ਨੂੰ ਆਪਣੀ ਸੀਮਾ ਵਿਚ ਰਾਸ਼ਟਰ ਮੰਡਲ ਦੇ ਹਰੇਕ ਵੱਡੇ ਮੈਂਬਰ ਦੇ ਉਤੇ ਉਚੀ ਅਤੇ ਚਨੌਤੀ ਨਾ ਦਿੱਤੇ ਜਾ ਸਕਣ ਯੋਗ ਅਧਿਕਾਰ ਲਾਗੂ ਕਰਨ ਦੇ ਲਈ ਅੰਤਰਰਾਸ਼ਟਰੀ ਕਾਰਜਕਾਰੀ, ਇਕ ਸੰਸਾਰ ਸੰਸਦ, ਜਿਸ ਦੇ ਮੈਂਬਰ ਸੰਬੰਧਿਤ ਦੇਸ਼ਾਂ ਦੇ ਵਾਸੀਆਂ ਵਲੋਂ ਚੁਣੇ ਜਾਣਗੇ ਅਤੇ ਜਿੰਨਾਂ ਦੇ ਚੁਣਨ ਦੀ ਪੁਸ਼ਟੀ ਸਬੰਧੀ ਦੇਸ਼ ਦੀ ਸਰਕਾਰ ਵਲੋਂ ਹੀ ਕੀਤੀ ਜਾਏਗੀ ਅਤੇ ਸਭ ਤੋਂ ਉਚਾ ਨਿਆਂ ਕਰਨ ਵਾਲਾ

ਜਿਸ ਦੇ ਨਿਰਣਿਆਂ ਦਾ ਐਸੀ ਸਥਿਤੀ ਵਿਚ ਵੀ ਕੁਕਾਵਟ ਹੋਵੇਗਾ। ਜਦੋਂ ਕਿ ਸਬੰਧਿਤ ਪੱਖ (ਧੜਾ) ਆਪਣੀ ਇੱਛਾ ਨਾਲ ਇਸਦੇ ਵਿਚਾਰਨ ਵਾਲੇ ਆਪਣੇ ਮਾਮਲੇ ਪੇਸ਼ ਕਰਨ ਦੇ ਲਈ ਸਹਿਮਤ ਨਹੀਂ ਹੈ, ਨੂੰ ਵੀ ਸ਼ਾਮਲ ਕਰਨਾ ਹੋਵੇਗਾ। ਇਹ ਸੰਸਾਰ ਵਰਗ ਜਿਸ ਵਿਚ ਸਾਰੀਆਂ ਆਰਥਿਕ ਮੁਸ਼ਕਿਲਾਂ ਸਦਾ ਦੇ ਲਈ ਦੂਰ ਕਰ ਦਿੱਤੀਆਂ ਗਈਆਂ ਹੋਣਗੀਆਂ ਅਤੇ ਪੂੰਜੀ ਅਤੇ ਮਿਹਨਤ ਦੀ ਸੁਤੰਤਰਤਾ ਨਿਸ਼ਚਿਤ ਰੂਪ ਤੋਂ ਪ੍ਰਾਪਤ ਕਰ ਲਈ ਗਈ ਹੋਵੇਗੀ, ਜਿਸ ਵਿਚ ਧਾਰਮਿਕ ਕਟੜਤਾ ਦਾ ਸ਼ੱਕ ਰੌਲਾ ਅਤੇ ਸੰਘਰਸ ਹਮੇਸ਼ਾ ਲਈ ਸ਼ਾਂਤ ਹੋ ਗਏ ਹੋਣਗੇ। ਜਿਸ ਵਿਚ ਜਾਤੀਆਂ ਦੀ ਦੁਸ਼ਮਣੀ ਦੀ ਅੱਗ ਹਮੇਸ਼ਾ ਲਈ ਬੁਝ ਚੁੱਕੀ ਹੋਵੇਗੀ, ਜਿਸ ਵਿਚ ਅੰਤਰਰਾਸ਼ਟਰੀ ਨਿਯਮਾਵਲੀ ਦੁਨੀਆਂ ਦੇ ਮੰਡਲ ਦੇ ਪ੍ਰਤੀਨਿਧੀਆਂ ਦੇ ਵਿਵਾਦ ਵਾਲੇ ਨਿਰਣਿਆਂ ਦਾ ਸਿੱਟਾ ਆਪਣੀਆਂ ਜ਼ਿੰਮੇਵਾਰੀਆਂ ਦੇ ਰੂਪ ਵਿਚ ਮੰਡਲ ਇਕਾਈਆਂ ਦੀ ਸੰਯੁਕਤ ਸ਼ਕਤੀਆਂ ਦੇ ਤਤਕਾਲੀ ਅਤੇ ਸਖਤ ਦਖਲਅੰਦਾਜ਼ੀ ਨਾ ਜੁੜਿਆ ਹੋਵੇਗੀ, ਅਤੇ ਅਖੀਰ ਵਿਚ ਸੰਸਾਰ ਸੰਪ੍ਰਦਾਇ ਜਿਸ ਵਿਚ ਅਸਥਿਰ ਤੇ ਪ੍ਰਚੰਡ ਰਾਸ਼ਟਰਵਾਦੀ ਦਾ ਉਲਾਮ ਦੁਨੀਆਂ ਦੇ ਵਾਸੀਆਂ ਦੀ ਇਕ ਚਿਰਸਥਾਈ ਚੇਤਨਾ ਵਿਚ ਰੂਪਾਂਤਰਿਤ ਹੋ ਚੁੱਕਿਆ ਹੋਵੇਗਾ—ਐਸੇ ਨਿਸ਼ਚਿਤ ਰੂਪ ਵਿਸਤਰਿਤ ਰੂਪ-ਰੇਖਾ ਬਹਾ ਉੱਲਾਹ ਵਲੋਂ ਪਹਿਲੇ ਤੋਂ ਨਿਸ਼ਚਿਤ ਵਿਵਸਥਾ ਪ੍ਰਤੀਤ ਹੁੰਦੀ ਹੈ। ਇਕ ਐਸੀ ਵਿਵਸਥਾ ਜੋ ਹੌਲੀ ਹੌਲੀ ਪੱਕਿਆਂ ਹੋਣ ਵਾਲੇ ਯੁਗ ਦੇ ਇਕ ਉੱਚ ਪੱਧਰ ਦੇ ਫਲ ਦੇ ਰੂਪ ਵਿਚ ਪ੍ਰਵਾਨ ਕੀਤੀ ਜਾਵੇਗੀ।

ਬਹਾਈ ਧਰਮ ਦੀ ਸਭ ਤੋਂ ਵੱਖਰੀ ਵਿਸ਼ੇਸ਼ਤਾਵਾਂ ਵਿਚੋਂ ਇਕ ਹੈ ਸੰਗਠਨ ਦਾ ਕਾਰਜ ਖੇਤਰ, ਇਕ ਪ੍ਰਕਾਸ਼ਾਸਨਿਕ ਪ੍ਰਣਾਲੀ ਦੀ ਸੰਰਚਨਾ ਨੂੰ ਪਹਿਲੇ ਧਰਮਾਂ ਦੇ ਵਾਂਗ ਅਨੁਯਾਈਆਂ ਵਲੋਂ ਨਿਰਧਾਰਿਤ ਕੀਤੇ ਜਾਣ ਦੇ ਲਈ ਨਹੀਂ ਛੱਡ ਦਿੱਤਾ ਗਿਆ ਹੈ। ਇਸੇ ਕਰਕੇ ਇਸ ਧਰਮ ਦੀਆਂ ਪ੍ਰਮਾਣਿਕ ਸਿੱਖਿਆਵਾਂ ਵਿਚ ਇਸ ਦੀ ਸਪੱਸ਼ਟ ਰੂਪ ਰੇਖਾ ਤਿਆਰ ਕੀਤੀ ਗਈ ਹੈ। ਬਹਾ ਉੱਲਾਹ ਨੇ ਇਸ ਪ੍ਰਣਾਲੀ ਨੂੰ ਸਪੱਸ਼ਟ ਰੂਪ ਨਾਲ ਪਰਿਭਾਸ਼ਿਤ ਕੀਤਾ ਅਤੇ ਅਬਦੁਲ ਬਹਾ ਨੇ ਐਸੇ ਵਿਵਰਣ ਪ੍ਰਦਾਨ ਕੀਤੇ, ਜਿਨ੍ਹਾਂ ਦਾ ਸਪੱਸ਼ਟ ਵਿਸ਼ਲੇਸ਼ਣ ਬਹਾ ਉੱਲਾਹ ਨੇ ਨਹੀਂ ਕੀਤਾ ਸੀ। ਇਹ (ਪ੍ਰਣਾਲੀ) ਮਨੁੱਖ ਜਾਤੀ ਵਲੋਂ ਪ੍ਰਜਾਤੰਤਰ, ਕੁਲੀਨਤੰਤਰ, ਰਾਜਤੰਤਰ ਅਤੇ ਧਰਮਤੰਤਰ ਵਿਚ ਸਭ ਤੋਂ ਪ੍ਰਭਾਵਸ਼ਾਲੀ ਪਾਏ ਗਏ ਅਨੁਭਵਾਂ ਨੂੰ ਸਮਾਨਤਾ ਪੂਰਵਕ ਢੰਗ ਨਾਲ ਪ੍ਰਸਤੁਤ ਕਰਦੀ ਹੈ। ਇਹ ਰਾਜਨੀਤਕਾਂ ਦਾ ਇਕ ਅਸਾਧਾਰਣ ਕਾਰਜ ਹੈ ਅਤੇ ਇਸ ਦੇ ਸਾਰੇ ਵਿਦਿਆਰਥੀਆਂ ਦੇ ਵਿਚਾਰਾਂ ਨੂੰ ਬੁਲਾਉਂਦਾ ਹੈ।

ਪ੍ਰਸ਼ਾਸਨਿਕ ਵਿਵਸਥਾ :

ਬਹਾ ਉੱਲਾਹ ਦੇ ਲੇਖ ਅਤੇ ਅਬਦੁੱਲ ਬਹਾ ਦੀ ਵਸੀਅਤ ਦੇ ਪ੍ਰਤਿਗਿਆ ਪੱਤਰ ਬਹਾਈ ਪ੍ਰਸ਼ਾਸਨਿਕ ਵਿਵਸਥਾ ਦੇ ਲਈ ਲਿਖਤ ਪ੍ਰਭਾਵ ਅਤੇ ਸੰਵਿਧਾਨ ਪ੍ਰਦਾਨ ਕਰਦੇ ਹਨ। ਅਬਦੁੱਲ ਬਹਾ ਦੇ ਪੁੱਤਰ ਸੈਂਗੀ ਅਫੈਂਦੀ ਨੂੰ ਧਰਮ ਰੱਖਿਅਕ ਨਿਯੁਕਤ ਕੀਤਾ ਗਿਆ ਹੈ।

ਬਹਾ ਉੱਲਾਹ ਦੇ ਧਰਮ ਵਿਚ ਕੋਈ ਵੀ ਪੇਸ਼ਾਵਰ (ਵਿਵੇਕ-ਸਾਇਕ) ਪੁਰੋਹਿਤ ਨਹੀਂ ਹੈ। ਧਰਮ ਗ੍ਰੰਥ, ਦੇ ਮੂਲ ਪਾਠ ਦੀ ਵਿਆਖਿਆ ਦਾ ਕਾਰਜ ਇਕੋ ਇਕ ਰੱਖਿਅਕ ਤੇ ਹੀ ਨਿਰਭਰ ਹੈ। ਇਸ ਤਰ੍ਹਾਂ ਇਹ ਧਰਮ ਸੰਮ੍ਰਦਾਇ ਅਤੇ ਪੰਥਵਾਦ ਤੋਂ ਬਚੀ ਹੋਈ ਹੈ। ਜਿਸ ਵਿਚ ਕਿ ਪਹਿਲੇ ਦੇ ਧਰਮ ਫਸੇ ਹੋਏ ਹਨ। ਇਸ ਦੇ ਕਾਰਜ ਵਿਸ਼ਵ ਨਿਆਂ ਮੰਦਿਰ ਵੱਲੋਂ ਹੁੰਦਾ ਹੈ ਜੋ ਇਸ ਨੂੰ ਤਮਾਮ ਦੁਨੀਆ ਦੇ ਬਹਾਈ ਚੋਣ ਕਰਤੇ ਨੇ। ਵਲੋਂ ਸੰਚਾਲਿਤ ਹੈ, ਜੋ ਕਿ ਪੂਰੀ ਦੁਨੀਆਂ ਵਿਚ ਵਿਵਸਥਾ ਦੇ ਕਾਨੂੰਨ ਬਹਾ ਉੱਲਾਹ ਦੇ ਕਾਨੂੰਨ ਦੀ ਪੁਸਤਕ 'ਕਿਤਾਬ-ਏ ਅਕੱਦਸ, ਕਾਨੂੰਨਾਂ ਨਾਲ ਭਰੀ ਹੋਈ ਹੈ। ਅੰਤਰਰਾਸ਼ਟਰੀ ਅਦਾਲਤ ਨੂੰ ਇਸ ਪੁਸਤਕ ਵਿਚ ਨਾ ਆਉਣ ਵਾਲੇ ਵਿਸ਼ਿਆਂ ਤੇ ਕਾਨੂੰਨ ਬਣਾਏ ਜਾਣ ਦਾ ਅਧਿਕਾਰ ਹੈ।

21 ਅਪ੍ਰੈਲ ਰਿਜਵਾਨ ਉਤਸਵ ਦੇ ਪਹਿਲੇ ਦਿਨ ਸਥਾਨਕ ਬਹਾਈ ਸੰਪ੍ਰਦਾਇ ਨੌਂ ਮੈਂਬਰਾਂ ਦੇ ਪ੍ਰਸ਼ਾਸਨਿਕ ਕਮੇਟੀ ਦੀ ਚੋਣ ਕਰਦਾ ਹੈ। ਜਿਸ ਨੂੰ ਸਥਾਨਕ ਬਹਾਈ ਅਧਿਆਤਮਿਕ ਸਭਾ ਕਹਿੰਦੇ ਹਨ। ਸਾਰੇ ਬਹਾਈ ਮਾਮਲਿਆਂ ਵਿਚ ਇਸ ਕਮੇਟੀ ਦੇ ਕੋਲ ਨਿਰਣੇ ਲੈਣ ਦੀ ਪੂਰੀ ਸ਼ਕਤੀ ਹੁੰਦੀ ਹੈ।

''ਵੱਖ ਵੱਖ ਸਥਾਨਕ ਬਹਾਈ ਸੰਪ੍ਰਦਾਇ ਆਪਣੇ ਦੇਸ਼ ਦੇ ਲਈ ਰਾਸ਼ਟਰੀ ਅਧਿਆਤਮਿਕ ਸਭਾ ਦੀ ਚੋਣ ਕਰਦੇ ਹਨ ਸਾਰੇ ਬਹਾਈ ਮਾਮਲਿਆਂ ਦਾ ਪ੍ਰਸ਼ਾਸਨ ਕਰਦੀ ਹੈ ਅਤੇ ਸਥਾਨਕ ਤੋਂ

ਵੱਖ ਵੱਖ ਅਧਿਆਤਮਿਕ ਸਭਾਵਾਂ, ਸਥਾਨਕ ਅਤੇ ਰਾਸ਼ਟਰੀ ਬਹਾਈ ਸਿੱਖਿਆਵਾਂ ਨਾਲ ਨਿਰਧਾਰਿਤ ਸੀਮਾਵਾਂ ਦੇ ਅੰਤਰਗਤ ਹੀ ਪ੍ਰਸ਼ਾਸਨਿਕ ਵਿਧਾਨ ਸਬੰਧੀ ਅਤੇ ਨਿਆਂ ਸਬੰਧੀ ਕਾਰਜ ਇਕੱਠੇ ਰੂਪ ਵਿਚ ਕਰਦੀ ਹੈ। ਉਹ ਬਹਾਈ ਸੰਪ੍ਰਦਾਇ ਦੇ ਅੰਦਰ ਏਕਤਾ ਬਣਾਈ ਰੱਖਣ ਅਤੇ ਧਰਮ ਦੀ ਸੇਵਾ ਵਿਚ ਪਾਈ ਸ਼ਕਤੀ ਦੀ ਨਿਯੁਕਤੀ ਲਈ ਆਦਮੀਆਂ ਦੇ ਧਰਮ ਦੀ ਵਿਅਕਤੀਗਤ ਐਲਾਨ ਤੇ ਕਰ ਦਿੱਤਾ ਜਾਂਦਾ ਹੈ। ਇੱਕੀ ਸਾਲ ਤੋਂ ਘੱਟ ਉਮਰ ਦੇ ਲੋਕ ਇਸ ਤਰ੍ਹਾਂ ਦੇ ਐਲਾਨ ਕਰ ਮਤਦਾਨ ਤੋਂ ਇਲਾਵਾ ਮੈਂਬਰ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰ ਸਕਦੇ ਹਨ।

ਬਹਾ ਉੱਲਾਹ ਦੀ ਪ੍ਰਸ਼ਾਸਨਿਕ ਵਿਵਸਥਾ ਸੰਸਾਰ-ਰਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬਣਾਈ ਗਈ ਹੈ। ਵਿਸ਼ਵ-ਨਿਆਂ ਮੰਦਿਰ ਤਮਾਮ ਦੁਨੀਆਂ ਦੀ ਰਾਸ਼ਟਰੀ ਅਧਿਆਤਮਿਕ ਸਭਾਵਾਂ ਦੇ ਮੈਂਬਰ ਹਨ। ਇਨ੍ਹਾਂ ਦੀ ਹਰ ਪੰਜ ਸਾਲ ਬਾਦ ਚੋਣ ਹੁੰਦੀ ਹੈ। ਇਹ ਅਧਿਆਤਮਿਕ ਰੂਪ ਤੋਂ ਪੁਰਸ਼ ਅਤੇ ਇਸਤ੍ਰੀ ਦੀ ਨੀਂਹ ਤੇ ਆਧਾਰਿਤ ਬਲ (ਤਾਕਤ) ਦਾ ਪ੍ਰਵਾਹ ਵਿਅਕਤੀ ਤੋਂ ਸਥਾਨਕ ਸਭਾ, ਉਥੇ ਦੀ ਰਾਸ਼ਟਰੀ ਸਭਾ, ਉਥੇ ਵਿਸ਼ਵ ਨਿਆਂ ਮੰਦਿਰ ਅਤੇ ਇਨ੍ਹਾਂ ਪੜਾਵਾਂ ਤੋਂ ਬਾਦ ਵਾਪਸ ਮਨੁੱਖ ਤਕ ਪਹੁੰਚਣਾ ਹੈ। ਇਸ ਦੁਨੀਆਂ ਨੂੰ ਇਕ ਜੀਵ ਦੇ ਰੂਪ ਵਿਚ ਮੰਨਿਆ ਗਿਆ ਹੈ। ਜਿਸ ਦੇ ਲਹੂ ਦਾ ਪ੍ਰਵਾਹ ਕਾਰਜ ਅਤੇ ਸੇਵਾ ਦੇ ਮਾਧਿਅਮ ਤੋਂ ਅਧਿਆਤਮਿਕ ਬਲ ਪ੍ਰਵਾਹ ਹੈ।

ਇਕ ਨਵੇਂ ਪੈਗੰਬਰ ਦੀ ਜ਼ਰੂਰਤ :

ਸੰਸਾਰ ਦੇ ਚਾਰੇ ਪਾਸੇ ਵੇਖ ਕੇ ਕੀ ਅਸੀਂ ਇਸ ਗਲ ਦਾ ਸੰਸਾ ਕਰ ਸਕਦੇ ਹਾਂ ਕਿ ਇਕ ਨਵੇਂ ਰਹਿਸ ਦੀ ਜ਼ਰੂਰਤ ਹੈ? ਪੂਰੀ ਦੁਨੀਆਂ ਵਿਚ ਧਰਮ ਪੰਧਾ ਵਿਚ ਵੰਡਿਆ ਹੈ ਜੋ ਕਿ ਆਮ : ਇਕ ਦੂਜੇ ਦੇ ਵਿਰੋਧੀ ਬਣੇ ਰਹਿੰਦੇ ਹਨ। ਕੀ ਇਹ ਇਸ ਦਾ ਸੰਕੇਤ ਨਹੀਂ ਹੈ ਕਿ ਧਰਮ ਅਰਥ ਵਲ ਜ਼ਿਆਦਾ ਸਪੱਸ਼ਟ ਵਿਆਖਿਆ ਕਰਨ ਅਤੇ ਜੋ ਲੋਕ ਦੈਵੀ ਆਦੇਸ਼ਾਂ ਨੂੰ ਮੰਨਣ ਲਈ ਗੰਭੀਰਤਾ ਨਾਲ ਅਭਿਲਾਸ਼ੀ ਹਨ ਜਿਸ ਨਾਲ ਕਿ "ਇਕ ਝੁੰਡ ਅਤੇ ਇਕ ਗਡਰੀਆ" ਸੰਭਵ ਹੋ ਸਕੇ, ਉਨ੍ਹਾਂ ਨੂੰ ਇੱਕਠਿਆਂ ਕਰਨ ਦੇ ਲਈ ਇਕ ਅਗਲੇਰੀ ਦੈਵੀ ਸੰਦੇਸ਼ ਦੀ ਜ਼ਰੂਰਤ ਹੈ।

ਇਸ ਤੋਂ ਇਲਾਵਾ, ਕੇਵਲ ਧਾਰਮਿਕ ਪਾਦਰੀਆਂ ਸਬੰਧੀ ਸਿਧਾਂਤਾਂ ਅਤੇ ਵਿਵਹਾਰਾਂ ਦੇ ਸਬੰਧ ਵਿਚ ਹੀ ਧਰਮਵਾਦੀਆਂ ਵਿਚ ਮਤਭੇਦ ਨਹੀਂ ਹੈ। ਹਰੇਕ ਮਹੱਤਵਪੂਰਨ ਰਚਨਾ, ਸਮਾਜਿਕ ਪ੍ਰਸ਼ਨਾਂ ਦੇ ਅਸੀਂ ਧਰਮ ਦੇ ਕਟੜ ਅਨੁਯਾਈਆਂ ਦੇ ਦੋ ਵਰਗ ਵਿਚ ਵਿਭਾਜਨ ਵੇਖ ਸਕਦੇ ਹਾਂ, ਜੋ ਰੱਬ ਦੇ ਰਾਜ ਦੀ ਸਥਾਪਨਾ ਦੇ ਲਈ ਨਾਲ-ਨਾਲ ਕੰਮ ਕਰਨ ਦੀ ਬਜਾਇ ਇਕ ਦੂਜੇ ਦਾ ਵਿਰੋਧ ਕਰਨ ਵਿਚ ਆਪਣੀ ਸ਼ਕਤੀ ਨਸ਼ਟ ਕਰਦੇ ਹਨ, ਫਿਰ ਵੀ ਹਰੇਕ ਇਹ ਸਮਝਦਾ ਹੈ ਕਿ ਉਹ ਰੱਬ ਦੇ ਉਦੇਸ਼ਾਂ ਦੇ ਅਨੁਸਾਰ ਕਾਰਜ ਕਰ ਰਿਹਾ ਹੈ। ਦੁਨੀਆਂ ਦੀਆਂ ਸਮੱਸਿਆਵਾਂ ਇੰਨੀਆਂ ਜਟਿੱਲ ਹਨ ਕਿ ਨਿਰਸਹਾਈ ਦਿਮਾਗ ਤੋਂ ਇਨ੍ਹਾਂ ਦਾ ਸਹੀ-ਸਹੀ ਸਮਾਧਨ ਨਹੀਂ ਕੀਤਾ ਜਾ ਸਕਦਾ। ਉਹ ਲੋਕ ਜੋ ਇਨ੍ਹਾਂ ਦੇ

ਅਧਿਐਨ ਵਿਚ ਆਪਣਾ ਜੀਵਨ ਬਤੀਤ ਕਰ ਦਿੰਦੇ ਹਨ ਪਰੰਤੂ ਵਿਰੋਧੀਆਂ ਨਤੀਜਿਆਂ ਉਤੇ ਪਹੁੰਚਦੇ ਹਨ। ਇਥੋਂ ਤਕ ਕਿ ਇਕ ਸਾਧਾਰਣ ਸਰੀਰਕ ਕਾਰਜ, ਜਿਵੇਂ ਰੋਟੀ ਦੇ ਟੁਕੜੇ ਦਾ ਪਾਚਣ ਜਾਂ ਪਲਕ ਦਾ ਝਪਕਣਾ ਵੀ ਇਨ੍ਹਾਂ ਅਸਚਰਜ ਭਰਿਆ ਅਤੇ ਜਟਿਲ ਹੈ ਕਿ ਸਭ ਤੋਂ ਵਧ ਵਿਦਵਾਨ ਡਾਕਟਰ ਨੂੰ ਵੀ ਇਸ ਦੀ ਵਧ ਤੋਂ ਵਧ ਅਸਪੱਸ਼ਟ ਜਾਣਕਾਰੀ ਹੁੰਦੀ ਹੈ, ਇਸ ਤਰ੍ਹਾਂ ਕਿਉਂ ਹੁੰਦਾ ਹੈ ਅਤੇ ਜੇਕਰ ਕਦੀ ਇਸ ਤੰਤਰ ਵਿਚ ਗੜਬੜੀ ਹੋ ਜਾਂਦੀ ਹੈ ਤਾਂ ਆਮ ਕਰਕੇ ਉਹ ਆਪ ਨੂੰ ਇਸ ਗੱਲ ਨੂੰ ਸਮਝਣ ਵਿਚ ਅਸਮਰਥ ਪਾਉਂਦਾ ਹੈ ਕਿ ਇਸ ਨੂੰ ਠੀਕ ਕਿਸ ਤਰ੍ਹਾਂ ਕੀਤਾ ਜਾਏ। ਜੇ ਮਨੁੱਖੀ ਸਰੀਰ ਦੀ ਸਾਧਾਰਣ ਪ੍ਰਕਿਰਿਆ ਦੇ ਸਬੰਧ ਵਿਚ ਅੰਸਾ ਹੋ ਸਕਦਾ ਹੈ ਤੇ ਸਮਾਜਿਕ ਜੀਵਨ ਦੀਆਂ ਦੀਆਂ ਘਢਨਾਵਾਂ ਦਾ ਜਿਨ੍ਹਾਂ ਦਾ ਸਰੀਰ, ਦਿਮਾਗ ਅਤੇ ਆਤਮਾ ਦੇ ਜਟਿਲ ਸਬੰਧਾਂ ਨਾਲ ਬਣੇ ਲੱਖਾਂ ਲੋਕਾਂ ਦੇ ਵਿਚਾਰ ਕਰਨਾ ਪੈ ਸਕਦਾ ਹੈ ? ਕੇਵਲ ਬ੍ਰਹਿਮੰਡ ਹੀ ਸ੍ਰਿਸ਼ਟੀ ਦੀ ਆਪਣੀ ਯੋਜਨਾ ਨੂੰ ਪੂਰੀ ਤਰ੍ਹਾਂ ਨਾਲ ਜਾਣਾ ਹੈ ਅਤੇ ਇਕੱਲਾ ਉਹੀ ਮਨੁੱਖ ਨੂੰ ਉਸ ਦੀ ਯੋਜਨਾ ਨੂੰ ਕਾਰਜ ਲਿਆਉਣ ਲਈ ਠੀਕ-ਠਾਕ ਭੂਮਿਕਾ ਨਿਭਾਉਣ ਵਿਚ ਸੰਭਵ ਬਣਾਉਣ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦੇ ਸਕਦਾ ਹੈ। ਇਸ ਤਰ੍ਹਾਂ ਉਹ ਸਮੇਂ ਸਮੇਂ ਤੇ ਆਪਣੇ ਚੁਣੇ ਹੋਏ ਸੰਦੇਸ਼ਵਾਹਕਾਂ, ਪੈਗੰਬਰਾਂ ਵਲੋਂ ਕਰਵਾਉਂਦਾ ਹੈ।

ਹਰੇਕ ਪੈਗੰਬਰ ਸੰਸਾਰ ਉਤੇ ਉਸੀ ਰੂਪ ਵਿਚ ਵਿਚਾਰ ਕਰਦਾ ਹੈ, ਜਿਸ ਤਰ੍ਹਾਂ ਕਿ ਉਹ ਉਸ ਨੂੰ ਪਾਉਂਦਾ ਹੈ। ਉਸਦਾ ਆਸ਼ਾ-

ਮਾਨ ਉਤੇ ਉਸੇ ਤਰ੍ਹਾਂ ਦਾ ਹੈ ਜਿਵੇਂ ਇਕ ਡਾਕਟਰ ਦਾ ਜੋ ਕਿ ਆਪਣੇ ਮਰੀਜ਼ ਦਾ ਉਸ ਰੋਗ ਦੇ ਲਈ ਇਲਾਜ ਕਰਦਾ ਹੈ। ਪੁਰਾਣੇ ਪੈਗੰਬਰ ਸੰਸਾਰ, ਸਰਕਾਰ ਸਰਵਵਿਆਪੀ ਰਾਸ਼ਟਰ ਸੰਘ ਸੰਸਾਰ ਭਾਸ਼ਾ, ਸਨੱਅਤਾਂ ਦੇ ਸੰਸਾਰ ਸੰਘ ਵਰਗੇ ਪ੍ਰਸ਼ਨਾਂ ਉਤੇ ਵਿਸਥਾਰ ਨਾਲ ਵਿਚਾਰ ਨਹੀਂ ਕਰ ਸਕੇ। ਇਹ ਪ੍ਰਸ਼ਨ ਉਸ ਸਮੇਂ ਉਠੇ ਨਹੀਂ ਸੀ। ਭਾਰਤ ਦੇ ਲੋਕਾਂ ਨੂੰ ਇਸ ਗਲ ਦੀ ਜਾਣਕਾਰੀ ਨਹੀਂ ਸੀ ਕਿ ਅਮਰੀਕਾ ਅਤੇ ਅਸਟਰੇਲੀਆ ਦੀ ਸਾਖ ਹੈ। ਲੇਕਿਨ ਅਜ ਇਹ ਪ੍ਰਸ਼ਨ ਸਭ ਤੋਂ ਵਧ ਮਹੱਤਵਪੂਰਨ ਹਨ। ਕਿਉਂਕਿ ਅਸੀਂ ਉਨ੍ਹਾਂ ਦਾ ਸਮਾਧਾਨ ਕਰਨ ਵਿਚ ਸਮੱਰਥ ਹੋ ਰਹੇ ਹਾਂ। ਸਾਡੇ ਸਾਹਮਣੇ ਦੋ ਮਹਾਨ ਜੰਗਾਂ ਵਰਗੇ ਰਾਸ਼ਟਰ ਹਨ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਮੱਸਿਆਵਾਂ ਦਾ ਉਲਝਿਆ ਹੋਇਆ ਸਮੂਹ ਹੈ, ਜਿਸ ਤੋਂ ਸਾਡੇ ਰਾਜਨੀਤਕ, ਸੁਧਾਰਕ, ਸਾਰੀਆਂ ਸਰਕਾਰਾਂ ਅਤੇ ਸਥਿਤੀਆਂ ਸਾਡੇ ਧਾਰਮਿਕ ਅਤੇ ਅਧਿਆਪਕ ਨੇਤਾ ਸੰਘਰਸ਼ ਕਰ ਰਹੇ ਹਨ।

ਈਸਾਈਆਂ, ਮੁਸਲਮਾਨਾਂ, ਯਹੂਦੀਆਂ, ਬੋਧੀਆਂ, ਹਿੰਦੂਆਂ, ਨਾਸਤਿਕਾਂ, ਸੰਸਾਵਾਦੀਆਂ, ਸਾਰਿਆਂ ਦੇ ਸਾਹਮਣੇ ਇਹ ਗਲ ਸਮਾਨ ਰੂਪ ਵਿਚ ਸਮਸ਼ਟ ਹੈ ਕਿ ਮਨੁੱਖ ਜਾਤੀ ਅੱਜ ਜਿੰਨੀ ਭਰਮ ਵਿਚ ਹੈ ਏਨੀ ਪਹਿਲੇ ਕਦੀ ਨਹੀਂ ਸੀ। ਪਰੰਪਰਾ ਟੁੱਟ ਚੁੱਕੀ ਹੈ ਹਰੇਕ ਵਿਅਕਤੀ ਆਪਣੇ ਆਸ ਪਾਸ ਵਿਖਾਈ ਦੇਣ ਵਾਲੀ ਅਵਸਥਾ ਵਿਚ ਵਿਵਸਥਾ ਲਿਆਉਣ ਦੇ ਲਈ ਕਿਸੇ ਵਸਤੂ ਦੀ ਖੋਜ ਵਿਚ ਹੈ। ਇਸ ਤੋਂ ਵਧ ਜਾਇਜ ਹੋਰ ਕੀ ਹੋ ਸਕਦਾ ਹੈ ਕਿ

ਰੱਬ ਮਨੁੱਖ ਜਾਤੀ ਦੀ ਮੁਸ਼ਕਿਲ ਵਿਚ ਉਸ ਦੇ ਲਈ ਦਿਸ਼ਾ ਨਿਰਦੇਸ਼ ਭੇਜੇ ?

''ਰੱਬ ਆਪਣੇ ਬੱਚਿਆਂ ਨੂੰ ਪਰੇਸ਼ਾਨੀ ਵਿਚ ਨਹੀਂ ਛੱਡਦਾ, ਬਲਕਿ ਜਦੋਂ ਸਿਆਲ ਦਾ ਹਨ੍ਹੇਰਾ ਉਨ੍ਹਾਂ ਨੂੰ ਘੇਰਦਾ ਹੈ ਉਹ ਫਿਰ; ਆਪਣੇ ਸੰਦੇਸ਼ਵਾਹਕਾਂ, ਪੈਗੰਬਰਾਂ ਨੂੰ ਬਸੰਤ ਦੇ ਆਉਣ ਤੇ ਬੁਲਾਉਂਦਾ ਹੈ।'' ਇਹੀ ਬਹਾਈ ਧਰਮ ਦਾ ਸੰਦੇਸ਼ ਹੈ। ਰੱਬ ਦਾ ਸੰਦੇਸ਼ਵਾਹਕ ਆ ਚੁੱਕਾ ਹੈ ਅਤੇ ਸਿਆਲ ਦੇ ਬੱਦਲਾਂ ਦੇ ਵਿਚਕਾਰ ਸੂਝਵਾਨ ਦੇ ਲਈ ਬਸੰਤ ਦੇ ਪਹਿਲੇ ਸੰਕੇਤ ਦ੍ਰਿਸ਼ਟਮਾਨ ਹੋ ਰਹੇ ਹਨ।

ਬਹਾ ਉੱਲਾਹ ਦੀ ਪ੍ਰੇਰਣਾ ਅਤੇ ਸਿੱਖਿਆਵਾਂ ਦੇ ਵਿਚੋਂ ਦੀ ਪੂਰੀ ਦੁਨੀਆਂ ਦੇ ਲੱਖਾਂ ਲੋਕ ਰੱਬ ਅਤੇ ਮਨੁੱਖਤਾ ਦੇ ਲਈ ਪਿਆਰ ਵਿਚ ਵਾਸਤਵ ਵਿਚ ਇਕ ਹੋਏ ਹਨ। ਹੁਣ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ''ਇਹ ਧਰਤੀ ਇਕ ਦੇਸ਼ ਹੈ ਅਤੇ ਮਨੁੱਖ ਜਾਤੀ ਇਸ ਦੇ ਵਸਨੀਕ ਅਤੇ ਉਹ ਆਪਣਾ ਜੀਵਨ ਅਤੇ ਸ਼ਕਤੀ ਇਸ ਅਦਭੁੱਤ ਸੰਦੇਸ਼ਾਂ ਦੇ ਪ੍ਰਚਾਰ ਵਿਚ ਲਗਾ ਰਿਹਾ ਹੈ ਜਿਸ ਨਾਲ ਕਿ ਇਹ ਸੰਦੇਸ਼ ਹਰੇਕ ਭੂਮੀ ਦੀਆਂ ਸਾਰੀਆਂ ਜਾਤੀਆਂ ਅਤੇ ਧਰਮਾਂ ਦੇ ਲੋਕਾਂ ਤਕ ਆਸਾਨੀ ਨਾਲ ਪਹੁੰਚ ਸਕੇ ਅਤੇ ਸੰਸਾਰ ਵਿਚ ਸ਼ਾਂਤੀ ਅਤੇ ਖੁਸ਼ਹਾਲੀ ਲਿਆ ਸਕੇ।

1984 ਵਿਚ ਬਹਾਈ ਧਰਮ ਦੀ ਸਥਾਪਨਾ 343 ਦੇਸ਼ਾਂ

ਅਤੇ ਉਨ੍ਹਾਂ ਦੇ ਰਾਜਾਂ ਵਿਚ 1,11,000 ਤੋਂ ਵੀ ਵਧ ਹੋ ਚੁੱਕੀ ਸੀ ਅਤੇ ਇਸਦਾ ਸਾਹਿਤ 739 ਤੋਂ ਵੀ ਵਧ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋ ਚੁੱਕਾ ਸੀ।

ਭਾਰਤ ਵਿਚ ਬਹਾਈ ਧਰਮ ਦਾ ਆਗਮਨ ਸੰਨ 1872 ਵਿਚ ਹੋਇਆ, ਅੱਜ ਇਸ ਦੇ ਲਗਭਗ 35,000 ਕੇਂਦਰਾਂ ਵਿਚ ਬਹਾਈ ਰਹਿ ਰਹੇ ਹਨ, ਬਹਾਈ ਨਿਰੰਤਰ ਸਮਾਜਿਕ, ਅਧਿਆਤਮਿਕ ਵਿਕਾਸ ਕਾਰਜਾਂ ਵਿਚ ਬੜੇ ਹੀ ਉਤਸ਼ਾਹ ਨਾਲ ਲੱਗੇ ਹੋਏ ਹਨ।





ਪਨਾਮਾ ਸਿਟੀ, ਪਨਾਮਾ



ਕੰਪਾਲਾ, ਉਗਾਂਡਾ



ਵਿਲਮੈਟ, ਇਲੀਨੋਸ, ਅਮਰੀਕਾ



ਫਰੈਂਕਫਰਟ, ਪ. ਜਰਮਨੀ



ਸਿੱਡਨੀ, ਆਸਟਰੇਲੀਆ



ਅਪਿਯਾ ਪ. ਸਮੋਆ

● ਬਹਾਈ ਸੰਦੇਸ਼ ●

''ਬਹਾਈ ਧਰਮ ਰੱਬ ਅਤੇ ਉਸ ਦੇ ਅਵਤਾਰਾਂ ਦੀ ਏਕਤਾ ਨੂੰ ਸਵੀਕਾਰ ਕਰਦਾ ਹੈ, ਸੱਚ ਦੀ ਖੁਲੀ ਖੋਜ ਦੇ ਸਿਧਾਂਤ ਨੂੰ ਮੰਨਦਾ ਹੈ, ਹਰ ਤਰ੍ਹਾਂ ਦੇ ਅੰਧ ਵਿਸ਼ਵਾਸਾਂ ਅਤੇ ਪੂਰਨ ਅਨੁਮਾਨਾਂ ਦੀ ਨਿੰਦਿਆ ਕਰਦਾ ਹੈ, ਇਸ ਗੱਲ ਦੀ ਸਿੱਖਿਆ ਦਿੰਦਾ ਹੈ ਕਿ ਧਰਮ ਦਾ ਮੂਲ ਉਦੇਸ਼ ਹੈ- ਮਿੱਤਰਤਾ, ਸਮਾਨਤਾ ਨੂੰ ਵਧਾਉਣਾ, ਇਸ ਨੂੰ ਵਿਗਿਆਨ ਦੇ ਨਾਲ ਨਾਲ ਚਲਣਾ ਚਾਹੀਦਾ ਹੈ ਅਤੇ ਇਹ ਸ਼ਾਂਤ ਵਿਵਸਥਿਤ ਤੇ ਪ੍ਰਗਤੀਸ਼ੀਲ ਸਮਾਜ ਦਾ ਇਕੋ ਇਕ ਅਖੀਰਲੇ ਅਧਾਰ ਦਾ ਨਿਰਮਾਣ ਕਰਦਾ ਹੈ। ਇਹ ਜ਼ਨਾਨੀ ਆਦਮੀ ਦੇ ਲਈ ਸਮਾਨ ਅਧਿਕਾਰਾਂ ਅਤੇ ਵਿਸ਼ੇਸ਼ ਅਧਿਕਾਰਾਂ ਦੇ ਸਿਧਾਂਤ ਦਾ ਪੱਖ ਪੂਰਦਾ ਹੈ, ਗਰੀਬੀ ਤੇ ਅਮੀਰੀ ਦੀ ਅੱਤ ਨੂੰ ਜੜ੍ਹੋਂ ਵਢਦਾ ਹੈ, ਪੂਜਣ ਦੀ ਸਤਾ ਤਕ ਸੇਵਾ ਭਾਵ ਨਾਲ ਕੀਤੇ ਕਾਰਜ ਨੂੰ ਵਧਾਉਣਾ ਹੈ, ਇਕ ਸਹਾਇਕ ਅੰਤਰ-ਰਾਸ਼ਟਰੀ ਭਾਸ਼ਾ ਨੂੰ ਸਵੀਕਾਰ ਕਰਨ ਦੀ ਸਿਫਾਰਿਸ਼ ਕਰਦਾ ਹੈ, ਅਤੇ ਇਕ ਸਥਾਈ ਸਰਬ ਸ਼ਾਂਤੀ ਦੀ ਸਥਾਪਨਾ ਅਤੇ ਸੁਰੱਖਿਆ ਦੇ ਲਈ ਜ਼ਰੂਰੀ ਸਮੱਗਰੀ ਮੁਹਈਆ ਕਰਵਾਉਣਾ ਹੈ।